# ਚੇਤਨਾ ਦੀ ਮਸ਼ਾਲ

# ਸੂਹਾ ਗੁਲਾਬ

(ਕਾਵਿ-ਸੰਗ੍ਰਹਿ)

ਕੁਲਵੰਤ ਜਗਰਾਉਂ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

# ਤਤਕਰਾ

## *ਚੇਤਨਾ ਦੀ ਮਸ਼ਾਲ*


ਦੁਆ ....................................15
ਲੋਕ ਜੰਗ ਨਹੀਂ ਚਾਹੁੰਦੇ ...............16
ਧਰਮ ................................ 19
ਜਾਗੋ ਉੱਠੋ ਫਰਜ਼ ਪਛਾਣੋ ............21
ਆਜ਼ਾਦੀ ? ...........................24
ਉਸ ਦੇ ਤਾਈਂ ਕੌਣ ਬਚਾਵੇ ........... 28
ਰਾਜ ਮੰਚ 'ਤੇ ..........................30
ਅਖੌਤੀ ਹਮਦਰਦ .......................32
ਹੋਸ਼ਿਆਰ ! ਖ਼ਬਰਦਾਰ !...............34
ਦੰਭੀ ....................................37
ਵਹਿਸ਼ੀ ਦਰਿੰਦੇ .........................39
ਦੀਵਾ ...................................40
ਐ ਮਨਾਂ ! ...............................41
ਮਨ ਦਾ ਜੰਗਲ .........................42
ਜੀਵਨ ਦਰਿਆ .........................43
ਮੇਰੀ ਕਵਿਤਾ ......................... 44
ਕਵਿਤਾ ................................46
ਮਾਂ ......................................48
ਹੀਰਿਆ ਹਿਰਨਾ .......................52
ਤਰੱਕੀ ! ...............................54
ਸ਼ਾਮ ਕਿਨਾਰੇ ..........................57
ਧੀਆਂ ..................................59
ਲੋਰੀ ....................................60
ਨਿੱਕੇ ਨਿੱਕੇ ਬਾਲ ਪਿਆਰੇ ..............61
ਨਰਸਾਂ .................................62
ਆਖਰੀ ਖਾਹਿਸ਼ .......................64
ਮੌਤ ....................................66
ਕਾਲ ...................................67
ਗੁਰੂ ਗੋਬਿੰਦ ਸਿੰਘ ....................68
ਨਾਨਕ ਜੀ
ਮੈਂ ਕਿੰਝ ਤੁਸਾਂ ਤਕ ਆਵਾਂ? ......69
ਲੋਕ ਰਾਜ ? ...........................70
ਭੰਡ ਜੀ ...............................73
ਬਾਬੇ ! ................................74
ਅਫ਼ਸਰ ...............................76
ਲੀਡਰ ................................77
ਚਮਚੇ ................................78
ਨੇਤਾ ..................................79
ਜਦ ਕਿਧਰੇ ਵੀ ਬੰਬ ਡਿਗਦਾ ਹੈ.....80
ਜਦ ਕਿਧਰੇ ਵੀ ਜੰਗ ਛਿੜਦੀ ਹੈ! ...82
ਅਸੀਂ ਕਿੰਨੇ ਸਭਿਅਕ ਹੋ ਗਏ ਹਾਂ ? ...84
ਬੌਣੇ ...................................89
ਅਜੇ ਤਾਂ ..............................90
ਦੋਸਤੀ ਦਾ ਪੁਲ ......................91
ਨਹੁੰਆਂ ਤੋਂ ਟੁੱਟਿਆ ਮਾਸ !.........93
ਵੇ ਲੋਕੋ ! ............................96
ਸਰਕਾਰ ਦੀ ਸਿੱਖਿਆ ਨੀਤੀ ...........97
ਨਿਰਣਾ ..............................100
ਕ੍ਰਾਂਤੀਕਾਰੀ ਸ਼ਾਇਰ ਯੋਧਿਆਂ ਦੇ ਨਾਂ !.101
ਦੁੱਖਾਂ ਦੀ ਗਾਥਾ .......................102
ਸਫ਼ਰ ਦੀ ਗੱਲ ........................103
ਵੰਗਾਰ ................................104

ਅਜੇ ਤਾਂ ਰਾਤ ਬੜੀ ਕਾਲੀ ਹੈ.........106
ਤੁਹਾਨੂੰ ਕੀ ਕਹੇ ਕੋਈ ? ................108
ਅਜੇ...................................110
ਮੇਰਾ ਜਿਸਮ...........................112
ਰਿਕਸ਼ਾ ਚਾਲਕ ਮੁੰਡਾ..................113
ਮੇਰਾ ਘਰ............................114
ਸੇਹ ਦਾ ਤਕਲਾ........................115
ਚੜ੍ਹਦੇ ਸੂਰਜ..........................116
ਬਜਟ..................................117
ਬੇਜਾਨ................................118
ਨੇਤਰਹੀਣ.............................120
ਪੁਨਰਜਨਮ............................122
ਗਿਰਗਟ...............................124
ਤਾਜ..................................126
ਜਨਮ ਦਿਨ............................127
ਕਿਰਨਾਂ ਦਾ ਕਾਫ਼ਲਾ...................128
ਅਧੋਗਤੀ..............................130
ਆਇਆ ਕੇਹਾ ਜ਼ਮਾਨਾ...............131
ਝੁੱਗੀਆਂ ਵਾਲੇ.........................132
ਸਾਹਿਤਕਾਰ...........................134
ਮਦਾਰੀਨਾਮਾ..........................135
ਮਲਾਹ................................137
ਅਹਿਸਾਸ.............................139
ਅਹਿੰਸਾ ਅਤੇ ਸਮਾਜਵਾਦ...........140
ਰੋਜ਼ ਦਾ ਅਨੁਭਵ.....................141
ਅੰਤਰ.................................143
ਇਹ ਦੁਨੀਆਂ.........................144
ਆਓ ਮਿਲ ਕੇ ਮੇਟੀਏ...............145
ਜੋ ਬੈਠ ਕਿਨਾਰੇ ਝੁਰਦੇ ਨੇ............146
ਜਿਸ ਦਿਲ ਵਿਚ ਦਰਦ ਨਹੀਂ.......147
ਪੰਜਾਬ !.............................148
ਮਨਹੂਸ ਮੌਸਮ !....................150
ਰਿਸਦੇ ਜ਼ਖ਼ਮਾਂ ਦੀ ਚੀਸ............152
ਸਰਾਪੇ ਸ਼ਹਿਰ ਦੀ ਵਿਥਿਆ........154
ਜੰਗਲ...............................157
ਅਰਜੋਈ !..........................158
ਪੰਜਾਬ ਦੀ ਖ਼ੈਰ.....................161

ਗੀਤ

ਜਾਗੋ ਲੋਕੋ ਜਾਗੋ...................163
ਆਓ ਬੇਲੀਓ, ਆਓ ਸਾਥੀਓ......164
ਮਾਰੂ ਜੰਗ ਦਾ ਆਓ ਮੁਕਾਈਏ......165
ਨਵੇਂ ਸਾਲ ਦਿਆ ਸੂਰਜਾ...........166
ਜਾਗੋ ਅਮਨ ਦੇ ਰਾਖਿਓ............167
ਮੈਂ ਅੰਬਰ ਵਿਚ ਉਡਣਾ ਲੋਚਾਂ......168
ਅਸੀਂ ਚਾਨਣ ਵੰਡਦੇ ਜਾਣਾ.......169
ਉੱਠੋ ਮੇਰੇ ਹਾਣੀਓ ਤੇ
ਉੱਠੋ ਮੇਰੇ ਸਾਥੀਓ....................170
ਤੂੰ ਜਾਣਾ ਹਾਲੇ ਦੂਰ ਕੁੜੇ.............171
ਮਾਂ ਬੋਲੀ ਪੰਜਾਬੀ...................172
ਭਾਈ ਵੀਰ ਸਿੰਘ.....................173
ਨੱਚੋ ਰਲ ਮਿਲ .....................174
ਬੇਨਾਮ ਰਿਸ਼ਤਾ.......................177

## ਦੁਆ

ਰੱਬ ਮਿਹਰ ਕਰੇ ਇਸ ਧਰਤੀ 'ਤੇ
ਅਸੀਂ ਛੱਡੀਏ ਨਫ਼ਰਤ ਸਾੜੇ ਨੂੰ
ਤੇ ਮੇਟੀਏ ਦਿਲਾਂ ਦੇ ਪਾੜੇ ਨੂੰ
ਸੁੱਖ ਮੰਗੀਏ ਪੰਜ ਦਰਿਆਵਾਂ ਦੀ
ਤੇ ਮੰਗੀਏ ਖ਼ੈਰ ਭਰਾਵਾਂ ਦੀ
ਉਹ ਆਰ ਰਹਿਣ ਜਾਂ ਪਾਰ ਰਹਿਣ
ਪਰ ਬਣ ਕੇ ਬੇਲੀ ਯਾਰ ਰਹਿਣ
ਸੁੱਖ ਮੰਗੀਏ ਨਿੱਕਿਆਂ ਬਾਲਾਂ ਦੀ
ਇਸ ਧਰਤੀ ਦੇ ਸਭ ਲਾਲਾਂ ਦੀ
ਇਹ ਧਰਤੀ ਨਾਨਕ ਬੁੱਲ੍ਹੇ ਦੀ
ਇਹ ਧਰਤ ਭਗਤ ਸਿੰਘ ਦੁੱਲੇ ਦੀ
ਇਸ ਧਰਤੀ 'ਤੇ ਨਾ ਜੰਗ ਹੋਵੇ
ਕੋਈ ਰੋਟੀ ਤੋਂ ਨਾ ਤੰਗ ਹੋਵੇ
ਨਾ ਕਿਸੇ ਦੀ ਕਤਲ ਉਮੰਗ ਹੋਵੇ
ਏਥੇ ਰਹੇ ਮੁਹੱਬਤ ਅਮਨ ਸਦਾ
ਤੇ ਖਿੜਿਆ ਰਹੇ ਇਹ ਚਮਨ ਸਦਾ
ਮੇਰੀ ਕਰੀਂ ਕਬੂਲ ਦੁਆ ਮੌਲਾ
ਦੇ ਖ਼ੁਸ਼ੀਆਂ ਸਭ ਨੂੰ ਚਾਅ ਮੌਲਾ।

# ਲੋਕ ਜੰਗ ਨਹੀਂ ਚਾਹੁੰਦੇ

ਲੋਕ ਜੰਗ ਨਹੀਂ ਚਾਹੁੰਦੇ ਹਨ
ਕੋਈ ਵੀ ਮਾਂ-ਬਾਪ ਨਹੀਂ ਚਾਹੁੰਦਾ
ਕਿ ਉਨ੍ਹਾਂ ਦਾ ਪੁੱਤ ਕਦੀ
ਜੰਗ ਦੀ ਭੱਠੀ ਦਾ ਬਾਲਣ ਬਣੇ

ਹਰ ਫੌਜੀ ਦੀ ਪਤਨੀ
ਆਪਣੇ ਸੁਹਾਗ ਦੀ ਖ਼ੈਰ ਮੰਗਦੀ ਹੈ
ਤੇ ਉਸ ਦੇ ਬੱਚੇ
ਪਾਪਾ ਦੇ ਸੁੱਖੀਂ ਸਾਂਦੀ ਘਰ ਛੁੱਟੀ ਪਰਤ ਆਉਣ
ਤੇ ਉਨ੍ਹਾਂ ਲਈ ਖਿਡਾਉਣੇ, ਸੁਗਾਤਾਂ
ਤੇ ਰੱਜਵਾਂ ਪਿਆਰ ਲੈ ਕੇ ਆਉਣ ਦੀ
ਸਾਲ ਭਰ ਉਡੀਕ ਕਰਦੇ ਹਨ

ਉਹ ਮਾਸੂਮ ਹਰ ਰੋਜ਼
ਨਿੱਕੇ-ਨਿੱਕੇ ਹੱਥ ਜੋੜ ਆਪਣੇ ਬਾਪ ਦੀ
ਸਲਾਮਤੀ ਲਈ ਅਰਦਾਸ ਕਰਦੇ ਹਨ
ਤੇ ਉਸ ਦੀ ਭੈਣ ਆਪਣੇ ਵੀਰੇ ਨੂੰ
ਰੱਖੜੀ ਭੇਜਣ ਲਈ
ਸਾਰਾ ਸਾਲ ਤਰਸਦੀ ਰਹਿੰਦੀ ਹੈ
ਸਰਹੱਦ ਤੇ ਇਸ ਪਾਸੇ ਜਾਂ ਉਸ ਪਾਰ
ਜਨਤਾ ਕਦੀ ਵੀ ਜੰਗ ਨਹੀਂ ਚਾਹੁੰਦੀ

ਲੋਕ ਤਾਂ ਚਾਹੁੰਦੇ ਹਨ
ਕਿ ਅਮਨ ਸ਼ਾਂਤੀ ਹੋਵੇ
ਉਨ੍ਹਾਂ ਲਈ ਰੋਜ਼ਗਾਰ ਹੋਵੇ
ਖੁਸ਼ੀਆਂ ਭਰਿਆ ਘਰ-ਬਾਰ ਹੋਵੇ
ਗਰੀਬੀ, ਭੁੱਖ, ਅਨਪੜ੍ਹਤਾ ਦਾ ਖਾਤਮਾ ਹੋਵੇ
ਘਰਾਂ ਵਿਚ ਬੱਚਿਆਂ ਦੀਆਂ ਕਿਲਕਾਰੀਆਂ ਹੋਣ
ਅਤੇ ਖੁਸ਼ ਹਰ ਸੀਤੋ-ਸੀਤਾ,ਫਾਤਿਮਾ ਹੋਵੇ
ਪਿਆਰ ਦੇ ਨਵੇਂ ਪੁੱਲ ਉਸਰਨ
ਤੇ ਮੋਹ ਦੀਆਂ ਤੰਦਾਂ ਕਦੇ ਨਾ ਟੁੱਟਣ।
ਜੰਗ ਤਾਂ ਮਨੁੱਖਤਾ ਦੇ ਮੱਥੇ 'ਤੇ ਲੱਗੇ ਕਲੰਕ
ਜੰਗਬਾਜ਼ ਸਾਮਰਾਜੀ, ਹਥਿਆਰਾਂ ਦੇ ਵਪਾਰੀ
ਕੁਰਸੀ ਦੇ ਭੁੱਖੇ, ਭ੍ਰਿਸ਼ਟ ਬੇਈਮਾਨ ਅੰਨ੍ਹੇ,
ਅਪਰਾਧੀ ਸਿਆਸਤਦਾਨ
ਜਾਂ ਮੁੱਠੀ ਭਰ ਕੱਟੜ ਜਨੂੰਨੀ ਹੀ ਚਾਹੁੰਦੇ ਹਨ

ਜੋ ਕਦੀ ਦੇਸ਼ ਭਗਤੀ
ਤੇ ਕਦੀ ਜਹਾਦ ਦੇ ਨਾਅਰੇ ਲਗਾਉਂਦੇ ਹਨ
ਲੋਕਾਂ ਨੂੰ ਪਤਾ ਹੀ ਨਹੀਂ ਲੱਗਣ ਦਿੰਦੇ
ਕਿ ਕਿਵੇਂ ਉਹ ਉਨ੍ਹਾਂ ਦੇ ਲਹੂ ਵਿਚ ਨਹਾਉਂਦੇ ਹਨ
ਜੋ ਜੰਗ ਨੂੰ ਹਵਾ ਦਿੰਦੇ ਹਨ
ਅਮਨ ਨੂੰ ਅੱਗ ਲਗਾਉਂਦੇ ਹਨ

ਉਨ੍ਹਾਂ ਦੇ ਆਪਣੇ ਪੁੱਤਰ
ਕਦੀ ਜੰਗ ਵਿਚ ਨਹੀਂ ਲੜਦੇ
ਕਦੀ ਜੰਗ ਵਿਚ ਨਹੀਂ ਮਰਦੇ
ਲੋਕਾਂ ਦੇ ਘਰਾਂ ਵਿਚ ਪੈਂਦੇ
ਵੈਣਾਂ ਦਾ ਦਰਦ ਉਨ੍ਹਾਂ ਨੂੰ
ਕਦੀ ਮਹਿਸੂਸ ਨਹੀਂ ਹੁੰਦਾ

ਉਹ ਤਾਂ ਫੌਜੀ ਵਿਧਵਾਵਾਂ ਨੂੰ ਚੈੱਕ ਦੇ ਕੇ
ਮੁਸਕਰਾ ਕੇ ਫੋਟੋ ਖਿਚਾਉਣਾ ਹੀ ਜਾਣਦੇ ਹਨ
ਉਨ੍ਹਾਂ ਨੂੰ ਕੀ ਪਤਾ ਕਿ
ਇਕ ਫੌਜੀ ਦੇ ਜੰਗ ਵਿਚ ਮਰ ਜਾਣ 'ਤੇ
ਉਸ ਨੂੰ ਸ਼ਹੀਦ ਆਖਣ ਨਾਲ
ਉਸ ਦੇ ਪਰਿਵਾਰ ਦਾ ਵਰਤਮਾਨ ਤੇ ਭਵਿੱਖ
ਹਨ੍ਹੇਰੇ ਤੋਂ ਕਦੇ ਵੀ ਰੌਸ਼ਨ ਨਹੀਂ ਹੁੰਦਾ
ਲੋਕ ਕਦੀ ਵੀ ਜੰਗ ਨਹੀਂ ਚਾਹੁੰਦੇ
ਉਹ ਤਾਂ ਅਮਨ ਚਾਹੁੰਦੇ ਹਨ।

## ਧਰਮ

ਧਰਮ ਤਾਂ
ਇਨਸਾਨ ਦੇ ਮਨ ਮਸਤਕ 'ਚ ਬਲਦਾ
ਉਹ ਦੀਪ ਹੈ, ਜਿਸ ਦੀ ਲੋਅ
ਸਭ ਨਫ਼ਰਤ ਦੂਈ ਦਵੈਤ ਮੇਟ ਦੇਂਦੀ ਹੈ
ਇਹ ਤਾਂ ਉਹ ਫੁੱਲ ਹੈ ਜੋ
ਜਦ ਹਿਰਦੇ 'ਚ ਖਿੜਦਾ ਹੈ ਤਾਂ
ਬੰਦਾ ਵਿਸਮਾਦ ਦੀ ਮਸਤੀ 'ਚ
ਇਲਾਹੀ ਪ੍ਰੀਤ ਦੇ
ਬ੍ਰਹਿਮੰਡੀ ਗੀਤ ਗਾਉਂਦਾ ਹੈ
ਇਸ ਦਾ ਆਲੌਕਿਕ ਪ੍ਰਕਾਸ਼
ਤਨ ਮਨ ਬੁੱਧੀ ਤੇ ਰੂਹ
ਸਭ ਰੁਸ਼ਨਾ ਦੇਂਦਾ ਹੈ
ਫਿਰ ਹਨੇਰੇ ਦਾ ਕੋਈ ਬੰਧਨ ਨਹੀਂ ਰਹਿੰਦਾ
ਫਿਰ ਕੋਈ ਨੀਵਾਂ, ਪਰ੍ਹਾਇਆ
ਵੈਰੀ ਨਹੀਂ ਲਗਦਾ
ਇਸ ਦੀ ਖੁਸ਼ਬੂ ਤੇ ਚਾਨਣ ਨੂੰ
ਕੁਝ ਮੁੱਠੀ ਭਰ ਲੋਕ
ਰਸਮਾਂ ਗੀਤਾਂ ਪਰੰਪਰਾਵਾਂ ਦੀ ਵਲਗਣ 'ਚ
ਕਿਵੇਂ ਜਕੜ ਸਕਦੇ ਹਨ

ਧਰਮ ਦੇ ਨਾਂ 'ਤੇ ਖੁਲ੍ਹੀਆਂ ਦੁਕਾਨਾਂ 'ਚ
ਝੂਠ, ਦੰਭ, ਤੇ ਜਿਸਮਾਂ ਦਾ ਵਿਉਪਾਰ ਹੁੰਦਾ ਹੈ
ਸੋਨਾ, ਚਾਂਦੀ ਤਾਂ ਮੁੱਲ ਮਿਲ ਸਕਦੇ ਹਨ
ਪਰ ਧਰਮ ਕਿਸੇ ਵੀ ਹਟੀਓਂ
ਮੁੱਲ ਮਿਲ ਨਹੀਂ ਸਕਦਾ
ਤਲਵਾਰਾਂ ਤ੍ਰਿਸ਼ੂਲਾਂ, ਬਰਛਿਆਂ, ਬੰਦੂਕਾਂ,
ਪਿਸਤੌਲਾਂ ਦੇ ਪਹਿਰੇ ਵਿਚ
ਆਲੀਸ਼ਾਨ ਡੇਰਿਆਂ ਵਿਚ ਰਹਿਣ ਵਾਲੇ
ਤੇ ਕਾਰਾਂ ਦੇ ਕਾਫਲੇ ਲੈ ਕੇ
ਮਹਿਲਾਂ ਕੋਠੀਆਂ ਵਿਚ ਜਾਣ ਵਾਲੇ
ਕਦੀ ਵੀ ਸੱਚੇ ਸੰਤ ਹੋ ਨਹੀਂ ਸਕਦੇ
ਧਰਮ ਤਾਂ ਪਿਆਰ ਸੱਚ ਨੇਕੀ ਦਾ ਚਸ਼ਮਾ ਹੈ
ਜੋ ਕਦੀ ਕਦਾਈਂ
ਜਿਸ ਕਿਸੇ ਦੇ ਵੀ ਹਿਰਦੇ 'ਚੋਂ ਫੁੱਟਦਾ ਹੈ
ਉਹ ਬੁੱਧ, ਈਸਾ, ਕਬੀਰ, ਰਵੀਦਾਸ
ਨਾਨਕ ਹੋ ਜਾਂਦੇ ਨੇ
ਜਿਸ ਦੀ ਸੁਗੰਧ
ਚਹੁੰ ਕੂੰਟਾਂ 'ਚ ਫੈਲ ਜਾਂਦੀ ਹੈ
ਸ਼ੋਰ ਹਉਮੇਂ ਮੁਨਾਦੀ, ਇਸ਼ਤਿਹਾਰਬਾਜ਼ੀ
ਕਦੀ ਵੀ ਧਰਮ ਨਹੀਂ ਹੁੰਦੇ।

# ਜਾਗੋ ਉੱਠੋ ਫਰਜ਼ ਪਛਾਣੋ

ਜਾਗੋ! ਉੱਠੋ! ਫਰਜ਼ ਪਛਾਣੋ
ਕੁਲ ਦੁਨੀਆਂ ਦੇ ਅਮਨ ਪਸੰਦੋ
ਲੇਖਕ ਕਲਾਕਾਰ ਦੋਸਤੋ
ਬੁੱਧੀਜੀਵੀ ਸਿਆਣੇ ਲੋਕੋ
ਪੂੰਜੀਵਾਦੀ ਸਾਮਰਾਜੀਆਂ
ਮਾਨਵ ਦੋਖੀ ਜੰਗ ਬਾਜ਼ਾਂ ਨੂੰ
ਹੁਣ ਅੱਗੇ ਤੋਂ
ਕੁਦਰਤ ਦੇ ਅਨਮੋਲ ਖ਼ਜ਼ਾਨੇ
ਆਪਣੇ ਕਬਜ਼ੇ ਕਰਨ ਦੀ ਖਾਤਿਰ
ਮਾਸੂਮਾਂ ਤੇ ਮਾਨਵਤਾ ਨੂੰ
ਜੰਗ ਦੀ ਭੱਠੀ ਵਿਚ ਝੋਕਣ ਤੋਂ
ਪਰਬਤ ਬਣ ਕੇ ਮਿਲ ਕੇ ਰੋਕੋ।

ਵੀਅਤਨਾਮ ਅਤੇ ਕੋਰੀਆ
ਕਿੰਨੇ ਹੋਰਾਂ ਵੀ ਦੇਸ਼ਾਂ ਵਿਚ
ਜੋ ਕੁਝ ਇਹਨਾਂ ਪਹਿਲਾਂ ਕੀਤਾ
ਹਰ ਕੋਈ ਜਾਣੇ ਇਨਸਾਨਾਂ ਦਾ
ਕਿੰਨਾ ਖ਼ੂਨ ਇਹਨਾਂ ਨੇ ਪੀਤਾ
ਹਸਪਤਾਲਾਂ ਅਤੇ ਸਕੂਲਾਂ
ਉੱਤੇ ਇਹਨਾਂ ਬੰਬ ਗਿਰਾਏ
ਹੱਸਦੇ ਵਸਦੇ ਸ਼ਹਿਰ ਇਨ੍ਹਾਂ ਨੇ
ਪਲਾਂ ਛਿਣਾਂ ਵਿਚ ਰਾਖ ਬਣਾਏ
ਆਪਣੇ ਫੌਜੀ ਕੈਂਪਾਂ ਅੰਦਰ
ਕੰਜ ਕੁਆਰੀਆਂ ਪਰੀਆਂ ਜਿਹੀਆਂ
ਮੁਟਿਆਰਾਂ ਦੀ ਇੱਜ਼ਤ ਲੁੱਟੀ
ਨੈਤਿਕਤਾ ਦੀ ਸੰਘੀ ਘੁੱਟੀ

ਆਪਣੇ ਮੋਰਚਿਆਂ ਦੇ ਅੱਗੇ
ਨਿੱਕਿਆਂ ਨਿੱਕਿਆਂ ਮਾਸੂਮਾਂ ਦੀ
ਢਾਲ ਬਣਾਈ
ਜ਼ੁਲਮ ਜਬਰ ਦੀ ਹੱਦ ਮੁਕਾਈ

ਅੱਤਵਾਦ ਦੀ ਅੱਤ ਘਿਣਾਉਣੀ
ਅੱਤ ਭਿਅੰਕਰ ਜੋ ਬਿਮਾਰੀ
ਆਪਣੇ ਸੌੜੇ ਹਿੱਤਾਂ ਖਾਤਿਰ
ਕੱਟੜ ਪੰਥੀ, ਮੂਲਵਾਦੀਆਂ
ਨੂੰ ਸ਼ਹਿ ਦੇ ਕੇ, ਰਹੇ ਫੈਲਾਉਂਦੇ
ਹੱਥਿਆਰਾਂ ਦੇ ਇਹ ਵਿਉਪਾਰੀ
ਪਰ ਜਦ ਅੱਗ ਆਪਣੇ ਘਰ ਲਗੀ
ਹੋਸ਼ ਇਨ੍ਹਾਂ ਨੂੰ ਤਦ ਹੀ ਆਈ
ਪਾਈ ਜੱਗ ਵਿਚ ਹਾਲ ਦੁਹਾਈ
ਇਹ ਜੋ ਦੰਭੀ
ਮਾਨਵ ਦੇ ਅਧਿਕਾਰਾਂ ਦੀ
ਹਨ ਗਲ ਕਰਦੇ
ਆਪਣੇ ਕਰੂਰ ਲਕਸ਼ ਦੀ ਖਾਤਿਰ
ਮਾਨਵਤਾ ਦੀ ਰੱਤ ਵਿਚ ਤਰਦੇ

ਹੋਰਾਂ ਉੱਤੇ
ਪ੍ਰਮਾਣੂ ਹਥਿਆਰਾਂ ਦੀ,
ਇਹ ਲਾਉਣ ਪਾਬੰਦੀ
ਪੁੱਛੋ ਲੋਕੋ ਇਨ੍ਹਾਂ ਕੋਲੋਂ
ਦੌੜ ਇਹਨਾਂ ਦੀ ਕਿਸ ਆਰੰਭੀ
ਪਾਸ ਇਹਨਾਂ ਦੇ, ਹਰ ਕਿਸਮ ਦੇ
ਪ੍ਰਮਾਣੂ ਅਤੇ ਰਸਾਇਣਕ, ਹਥਿਆਰਾਂ ਦੇ
ਭਰੇ ਹੋਏ ਭੰਡਾਰ ਹਜ਼ਾਰਾਂ

ਵਿਸ਼ਵ ਅਮਨ ਨੂੰ ਖਤਰਾ ਕਹਿ ਕੇ
ਵਿਸ਼ਵ ਦੀ ਰਾਏ ਠੁਕਰਾ ਕੇ
ਕਰ ਇਰਾਕ 'ਤੇ ਹਮਲਾ ਇਹਨਾਂ
ਕੀਤੇ ਘਰ ਬਰਬਾਦ ਹਜ਼ਾਰਾਂ
ਖ਼ੂਨੀ ਹੈਂਕੜਬਾਜ਼ ਲੁਟੇਰੇ
ਮਾਰ ਰਹੇ ਨੇ ਜਿੱਤ ਦੀਆਂ ਟਾਹਰਾਂ

ਵੱਖ ਵੱਖ ਮੁਲਕਾਂ ਅਤੇ ਪੁਲਾੜ 'ਚ
ਇਹਨਾਂ ਨੇ ਹੈ
ਜਸੂਸੀ ਦਾ ਜਾਲ ਵਿਛਾਇਆ
ਕਈਆਂ ਦੇ ਹਨ ਟੁੱਕੜੇ ਕੀਤੇ
ਕਈਆਂ ਦਾ ਤਖ਼ਤਾ ਪਲਟਾਇਆ
ਚਾਹੁੰਦੇ ਨੇ ਇਹ ਥਾਉਂ ਥਾਈਂ
ਆਪਣੀ ਹੀ,
ਮਨ ਮਰਜ਼ੀ ਦੀ ਸਰਕਾਰ ਬਣਾਉਣੀ
ਤੇ ਫਿਰ ਅੰਨੀ ਲੁੱਟ ਮਚਾਉਣੀ
ਸਾਰੀ ਦੁਨੀਆਂ
ਆਪਣੀ ਹੀ ਮੁੱਠੀ ਵਿਚ ਕਰਕੇ
ਸਭ 'ਤੇ ਆਪਣੀ ਧੌਂਸ ਜਮਾਉਣੀ

ਜਾਗੋ! ਉੱਠੋ! ਫਰਜ਼ ਪਛਾਣੋਂ
ਕੁਲ ਦੁਨੀਆਂ ਦੇ ਅਮਨ ਪਸੰਦੋ
ਲੇਖਕ ਕਲਾਕਾਰ ਦੋਸਤੋ
ਬੁੱਧੀਜੀਵੀ ਸਿਆਣੇ ਲੋਕੋ
ਪੂੰਜੀਵਾਦੀ ਸਾਮਰਾਜੀਆਂ
ਮਾਨਵ ਦੋਖੀ ਜੰਗਬਾਜ਼ਾਂ ਨੂੰ
ਹੁਣ ਅੱਗੇ ਤੋਂ
ਮਾਸੂਮਾਂ ਤੇ ਮਾਨਵਤਾ ਨੂੰ
ਜੰਗ ਦੀ ਭੱਠੀ ਵਿਚ ਝੋਕਣ ਤੋਂ
ਪਰਬਤ ਬਣ ਕੇ ਮਿਲ ਕੇ ਰੋਕੋ।

## ਆਜ਼ਾਦੀ ?

ਆਜ਼ਾਦੀ?
ਉਹ ਤਾਂ ਸੰਸਦ ਭਵਨ ਦੇ
ਨੁਮਾਇਸ਼ੀ ਹਾਲ ਵਿਚ
ਸੰਵਿਧਾਨ ਦੇ ਪੰਨਿਆਂ ਵਿਚ ਲਿਪਟੀ
ਕੈਦ ਰਹਿੰਦੀ ਹੈ
ਅਸਲ ਆਜ਼ਾਦੀ ਤਾਂ
ਮਰ ਗਈ ਸੀ ਓਸੇ ਹੀ ਦਿਨ
ਰਾਜ ਸੱਤਾ ਦੇ ਭੁੱਖੇ
ਸਿਆਸੀ ਫਿਰਕਾਪ੍ਰਸਤਾਂ
ਕਰਵਾ ਦਿਤੇ ਸਨ ਜਦ
ਸਾਡੀ ਮਾਂ ਦੇ ਜਿਸਮ ਦੇ ਟੁੱਕੜੇ
ਤੇ ਖੜੀਆਂ ਕਰ ਦਿੱਤੀਆਂ ਸਨ
ਭਰਾਵਾਂ ਵਿਚਾਲੇ
ਹਿੰਸਾ ਨਫ਼ਰਤ ਦੀਆਂ ਫਿਰਕੂ ਦੀਵਾਰਾਂ
ਉਹਨਾਂ ਦੇ ਉਸ ਵਕਤ ਬੀਜੇ
ਅੱਗ ਦੇ ਬੀਜ ਹੀ ਤਾਂ ਹੁਣ
ਬਣ ਕੇ ਭਾਂਬੜ ਥਾਂ ਥਾਂ
ਅਸਾਨੂੰ ਸਾੜਦੇ ਹਨ

ਪਰ ਜੇ ਕੋਈ
ਆਜ਼ਾਦੀ ਦੇ ਹੋਰ ਅਰਥ ਪੁੱਛਣੇ ਚਾਹੇ
ਤਾਂ ਪੁੱਛ ਸਕਦਾ ਹੈ
ਬੇਟ ਦੇ ਉਹਨਾਂ ਰੁੱਖਾਂ
ਨਹਿਰੀ ਪੁਲਾਂ, ਰੱਖਾਂ, ਰੋਹੀਆਂ
ਕਮਾਦ ਦੇ ਖੇਤਾਂ
ਅਤੇ ਉਜਾੜ ਬੀਆਬਾਨ ਥਾਵਾਂ ਤੋਂ
ਜਿਥੇ ਝੂਠੇ ਪੁਲਸ ਮੁਕਾਬਲੇ ਬਣਾ ਕੇ
ਭੁੰਨ ਦਿਤੇ ਗਏ ਲੋਕ ਹੱਕਾਂ ਲਈ ਸੰਘਰਸ਼ ਕਰਨ ਵਾਲੇ
ਸੱਚ ਕਹਿਣ ਵਾਲੇ ਅਸਲੀ ਆਜ਼ਾਦੀ ਦੇ ਆਸ਼ਿਕ
ਉਹ ਤਸੀਹਾ ਕੇਂਦਰ ਵੀ
ਦਸ ਸਕਦੇ ਨੇ ਸਾਡੀ ਆਜ਼ਾਦੀ ਦੇ ਅਸਲੀ ਅਰਥ
ਜਿਥੇ ਨਕਸਲੀ ਸ਼ਾਇਰਾਂ ਨੂੰ ਪੁੱਠੇ ਲਟਕਾਇਆ ਜਾਂਦਾ ਰਿਹਾ
ਤੇ ਲਾਏ ਜਾਂਦੇ ਰਹੇ ਉਹਨਾਂ ਦੇ ਪੱਟਾਂ 'ਤੇ ਘੋਟਣੇ
ਪਾੜੀਆਂ ਜਾਂਦੀਆਂ ਰਹੀਆਂ ਉਹਨਾਂ ਦੀਆਂ ਲੱਤਾਂ
ਤੇ ਨੋਚਿਆ ਜਾਂਦਾ ਰਿਹਾ ਭਗਤ ਸਰਾਭੇ ਦੇ
ਇਹਨਾਂ ਵਾਰਸਾਂ ਦਾ ਮਾਸ
ਉਹ ਥਾਣੇ ਵੀ ਦਸ ਸਕਦੇ ਨੇ
ਸਾਡੀ ਆਜ਼ਾਦੀ ਦੀ ਅਸਲ ਹਾਲਤ
ਜਿਨ੍ਹਾਂ ਵਿਚ ਜ਼ਾਲਿਮਾਂ ਤੋਂ ਜਾਨ ਬਚਾਉਣ ਲਈ ਦੌੜੇ
ਕਥਿਤ ਦੋਸ਼ੀਆਂ ਦੀਆਂ ਪਤਨੀਆਂ ਤੇ ਭੈਣਾਂ ਦੀ
ਦਾਰੂ 'ਚ ਧੁੱਤ, ਕਾਨੂੰਨ ਦੇ ਰਾਖੇ
ਜਬਰੀ ਪੱਤ ਲੁਟਦੇ ਰਹੇ
ਅਜੇ ਜੇ ਕੋਈ ਕਸਰ ਬਾਕੀ ਹੈ
ਤਾਂ ਜਾਣ ਸਕਦੇ ਹੋ
ਅੱਜ ਦੀ ਆਜ਼ਾਦੀ ਦੇ ਅਰਥ

ਉਸ ਬੱਚੀ ਦੀ ਲਾਸ਼ ਤੋਂ
ਜਿਸ ਦੇ ਪਿੰਡੇ 'ਤੇ ਸੀ ਫਟੀ ਲੀਰਾਂ ਕਮੀਜ਼
ਪੋਹ ਦੀ ਕਕਰੀਲੀ ਧੁੰਦ ਵਿਚ
ਜੋ ਕੋਲੇ ਚੁਗਦੀ ਕੁਚਲੀ ਗਈ
ਰੇਲ ਪੱਟੜੀ 'ਤੇ ਸਵੇਰਾ ਹੋਣ ਤੋਂ ਪਹਿਲਾਂ
ਉਨ੍ਹਾਂ ਮਾਸੂਮਾਂ ਦੇ ਹੰਝੂਆਂ ਤੋਂ ਵੀ
ਜਾਣ ਸਕਦੇ ਹੋ ਆਜ਼ਾਦੀ ਦੇ ਅਰਥ
ਜਿਨ੍ਹਾਂ ਦੇ ਮਾਪੇ ਜਨੂੰਨੀ ਫਿਰਕੂ ਗੁੰਡਿਆਂ
ਭੁੰਨ ਦਿੱਤੇ ਉਹਨਾਂ ਦੀਆਂ ਅੱਖਾਂ ਦੇ ਸਾਹਵੇਂ
ਇਸ ਆਜ਼ਾਦੀ ਵਿਚ ਤਾਂ
ਵਹਿਸ਼ੀ ਫਿਰਕੂ ਦਰਿੰਦੇ
ਬਿਮਾਰਾਂ ਲਾਚਾਰਾਂ ਦੀ ਸੇਵਾ ਕਰਨ ਵਾਲੇ
ਪਾਦਰੀ ਤੇ ਉਸ ਦੇ ਮਾਸੂਮ ਪੁੱਤਰਾਂ ਨੂੰ
ਸਾੜ ਸਕਦੇ ਹਨ
ਆਪਣੇ ਇਕਲੌਤੇ ਪੁੱਤਰ ਦੇ ਇਲਾਜ ਲਈ
ਆਪਣਾ ਗੁਰਦਾ ਵੇਚਣ ਵਾਲਾ
ਗਰੀਬ ਬਾਪ ਵੀ ਭਰ ਸਕਦਾ ਹੈ
ਸਾਡੀ ਇਸ ਆਜ਼ਾਦੀ ਦੀ ਗਵਾਹੀ
ਅਤੇ ਭੁੱਖ, ਬੇਕਾਰੀ ਤੋਂ ਤੰਗ ਆ
ਕਿਸੇ ਪਰਿਵਾਰ ਵਲੋਂ ਕੀਤੀ ਖੁਦਕਸ਼ੀ ਵੀ ਦੇ ਸਕਦੀ ਹੈ
ਸਾਡੀ ਆਜ਼ਾਦੀ ਤੇ ਤਰੱਕੀ ਦਾ ਅਸਲੀ ਸਬੂਤ
ਹੋਰ ਜਾਨਣਾ ਚਾਹੋ
ਤਾਂ ਇਸ ਬਾਰੇ ਜਾਣ ਸਕਦੇ ਹੋ
ਉਹਨਾਂ ਬੱਚੀਆਂ ਕੋਲੋਂ
ਜੋ ਗੁੱਡੀਆਂ ਪਟੋਲੇ ਖੇਡਣ
ਤੇ ਸਕੂਲ ਜਾਣ ਦੀ ਉਮਰੇ

ਢੋਂਦੀਆਂ ਨੇ ਸਰਦਾਰਾਂ ਦੇ ਗੋਹੇ ਦੇ ਟੋਕਰੇ
ਜਾਂ ਭਾਂਡੇ ਮਾਂਜਦੀਆਂ
ਤੇ ਲਾਉਂਦੀਆਂ ਨੇ ਕੋਠੀਆਂ 'ਚ ਪੋਚੇ
ਤੇ ਉਹ ਮੁੰਡਾ ਵੀ ਬਣ ਸਕਦਾ ਹੈ
ਸਾਡੀ ਆਜ਼ਾਦੀ ਦਾ ਹਸਤਾਖਰ
ਜੋ ਕਦੀ ਸਵੇਰ ਤੋਂ ਸ਼ਾਮ ਤਕ
ਢਾਬੇ 'ਤੇ ਜੂਠੇ ਭਾਂਡੇ ਮਾਂਜਦਾ ਹੈ
ਕਦੀ ਕਰਦਾ ਹੈ ਬੂਟ ਪਾਲਿਸ਼
ਤੇ ਕਦੀ ਰਿਕਸ਼ਾ ਚਲਾਉਂਦਾ ਹੈ
ਉਹਨਾਂ ਗਰੀਬ ਮੁੰਡੇ ਕੁੜੀਆਂ ਤੋਂ
ਪੁੱਛੋਂ ਅੱਜ ਦੀ ਆਜ਼ਾਦੀ ਦੇ ਅਰਥ
ਜਿਨ੍ਹਾਂ ਦੀਆ ਫਸਟ ਕਲਾਸ ਡਿਗਰੀਆਂ
ਤੇ ਮੈਰਿਟ ਦਾ ਨੌਕਰੀ ਦੀ ਚੋਣ ਵੇਲੇ
ਕਿਸੇ ਵੀ ਕੌਡੀ ਮੁੱਲ ਨਹੀਂ ਪਾਇਆ
ਤੇ ਜਿਨ੍ਹਾਂ ਦੇ ਮਾਪਿਆਂ ਦੇ ਸੁਪਨੇ ਵੀ
ਉਹਨਾਂ ਦੇ ਅਰਮਾਨਾਂ ਨਾਲ
ਹਰ ਸੁਬਾਹ ਹਰ ਸ਼ਾਮ ਰਾਖ ਹੁੰਦੇ ਹਨ
ਹੁਣ ਤੁਸੀਂ ਹੀ ਦੱਸੋ
ਮੈਂ ਏਹੋ ਜਿਹੀ ਆਜ਼ਾਦੀ ਦੇ ਜਸ਼ਨਾਂ ਨੂੰ
ਮਨਾਵਾਂ ਤਾਂ ਕਿੰਝ ਮਨਾਵਾਂ
ਆਜ਼ਾਦੀ ਦੇ ਅਰਥ ਫਿਰਕੂ ਹਿੰਸਾ
ਵੈਣ ਹਟਕੋਰੇ ਜ਼ੁਲਮ, ਗਰੀਬੀ ਭੁੱਖ ਬੇਕਾਰੀ
ਭ੍ਰਿਸ਼ਟਾਚਾਰ, ਬਈਮਾਨੀ, ਲੁੱਟ, ਕਾਣੀ ਵੰਡ
ਪੱਤਝੜ ਦੇ ਪੀਲੇ ਪੱਤੇ ਤਾਂ ਨਹੀਂ ਹੁੰਦੇ
ਉਹ ਤਾਂ ਸੂਹੇ ਮਹਿਕਦੇ ਖਿੜੇ ਗੁਲਾਬ ਹੁੰਦੇ ਨੇ
ਜਿਨ੍ਹਾਂ ਦੀ ਅਜੇ ਤਕ ਰੁੱਤ ਨਹੀਂ ਆਈ।

## ਉਸ ਦੇ ਤਾਈਂ ਕੌਣ ਬਚਾਵੇ

ਉਸ ਦੇ ਅੱਖਰ
ਪਰਚੰਡ ਬਲਦੀ ਅੱਗ ਜਿਹੇ ਸਨ
ਦੰਭੀਆਂ, ਪਾਪੀ ਭ੍ਰਿਸ਼ਟ ਹਾਕਮਾਂ
ਪਾਖੰਡੀ ਤੇ ਢੌਂਗੀ ਕਾਮੀਂ
ਮਾਇਆਧਾਰੀ ਧਰਮ ਆਗੂਆਂ, ਸੰਤ ਬਾਬਿਆਂ
ਰੱਤ ਪੀਣਿਆਂ ਪੂੰਜਪਤੀਆਂ
ਲੋਭੀ ਤੇ ਬਈਮਾਨ ਅਫਸਰਾਂ
ਸਭਨਾਂ ਤਾਈਂ
ਬਲਦੇ ਭਾਂਬੜ ਅੱਖਰ ਉਸ ਦੇ
ਬੜਾ ਡਰਾਉਂਦੇ, ਬੜਾ ਸਤਾਉਂਦੇ
ਫਿਰ ਉਹਨਾਂ ਸਭਨਾਂ ਨੇ ਮਿਲਕੇ, ਮਤਾ ਪਕਾਇਆ
ਆਪਣੀ ਬੁੱਕਲ ਵਿਚ ਲੈ ਉਸ ਨੂੰ
ਚਾਂਦੀ ਦੀ ਇਕ ਕੁਰਸੀ ਉੱਤੇ
ਧੂਮ ਧਾਮ ਨਾਲ ਜਾ ਬਿਠਾਇਆ
ਉਸ ਦੇ ਗਲ ਵਿਚ ਸਨਮਾਨਾਂ ਦਾ
ਪਟਾ ਹੀਰਿਆਂ ਜੜਿਆ ਪਾਇਆ
ਛਾਤੀ ਉਸ ਦੀ
ਅਨਕ ਤਗਮਿਆਂ ਨਾਲ ਸਜਾਈ
ਸੋਨੇ ਦੀ ਜ਼ੰਜੀਰ ਓਸ ਦੇ ਪਟੇ 'ਚ ਪਾਈ
ਪਹਿਲਾਂ ਸ਼ੇਰਾਂ ਵਾਂਗ ਗਰਜਦਾ
ਅੱਗ ਦੀਆਂ ਲਾਟਾਂ ਵਾਲਾ ਲੇਖਕ
ਆਪਣੇ ਇਹਨਾਂ,ਸੁਵਾਮੀਆਂ ਅੱਗੇ
ਕੂਕਰ ਬਣ ਹੁਣ ਪੂਛ ਹਿਲਾਵੇ

ਉਹਨਾਂ ਦੇ ਪੈਰਾਂ ਵਿਚ ਵਿੱਛ ਕੇ
ਆਪਣੀ ਗਰਦਨ ਆਪਣੇ ਸਿਰ ਨੂੰ ਆਪ ਝੁਕਾਵੇ
ਲੋਟੂ ਏਸ ਨਿਜ਼ਾਮ ਤੇ ਗੰਦੇ ਵਰਤਾਰੇ ਨੂੰ
ਬਦਲ ਦੇਣ ਦੇ
ਸੁਪਨੇ ਸੀ ਜੋ ਲੈਂਦਾ ਲੇਖਕ
ਸੁਪਨੇ ਸੀ ਜੋ ਦੇਂਦਾ ਲੇਖਕ
ਆਪਣੇ ਨਵੇਂ ਹਾਕਮਾਂ ਦੇ ਹੁਣ
ਹਰ ਇਕ ਹੁਕਮ 'ਤੇ ਫੁੱਲ ਚੜ੍ਹਾਵੇ
ਉਹਨਾਂ ਨੂੰ ਡੰਡਾਉਤ ਕਰੇ ਤੇ
ਹਰ ਥਾਂ ਉਹਨਾਂ ਦੇ ਗੁਣ ਗਾਵੇ
ਅਣਖ ਵੇਚ ਕੇ ਲਈ ਜੋ ਚੌਧਰ
ਆਪਣੇ ਯਾਰ ਬੇਲੀਆਂ ਉੱਤੇ
ਉਸ ਦੀ ਫੋਕੀ ਧੌਂਸ ਜਮਾਵੇ
ਜੇ ਕੋਈ ਹਮਦਰਦ ਉਸ ਦਾ
ਸ਼ੀਸ਼ਾ ਉਸ ਦੇ ਤਾਈਂ ਦਿਖਾਵੇ
ਅਸਲੀਅਤ ਉਸ ਨੂੰ ਸਮਝਾਵੇ
ਉਸ ਦੀ ਪੱਗ ਨੂੰ ਹੱਥ ਉਹ ਪਾਵੇ
ਆਪਣੇ ਤਾਈਂ
ਫੱਨੇ ਖਾਂ ਹੁਣ ਸਮਝਣ ਵਾਲਾ
ਧਰਤੀ 'ਤੇ ਨਾਂਹ ਪੈਰ ਟਿਕਾਵੇ
ਲੋਭ ਲਾਲਸਾ ਹੰਕਾਰ ਦੀ ਦਲਦਲ ਵਿਚ ਉਹ
ਨਿਸ ਦਿਨ, ਪਲ ਪਲ ਧਸਦਾ ਜਾਵੇ
ਉਸ ਦੇ ਤਾਈਂ ਕੌਣ ਬਚਾਵੇ
ਜਿਸ ਦੇ ਅੱਖਰ ਸਨ ਭੱਖਦੇ ਅੰਗਿਆਰਾਂ ਵਰਗੇ
ਉਹ ਲੇਖਕ ਹੁਣ ਖੁਦ ਹੀ ਭੁੱਬਲ ਬਣ ਚੁੱਕਾ ਹੈ।

## ਰਾਜ ਮੰਚ ਤੇ

ਰਾਜ ਮੰਚ ਤੇ
ਜੋ ਕੁਝ ਵੀ ਅਸਲੀ ਲਗਦਾ ਹੈ
ਸਭ ਨਕਲੀ ਹੈ
ਹਰ ਖਲਨਾਇਕ ਪਹਿਣ ਮਖੌਟਾ
ਵਾਰੀ ਵਾਰੀ
ਮਹਾਂ ਨਾਇਕ ਬਣ ਕੇ ਆਇਆ ਹੈ
ਹਰ ਵਾਰੀ ਹੀ
ਭੋਲੇ ਭਾਲੇ ਲੋਕਾਂ ਨੇ ਹੈ
ਗੱਜ ਵੱਜ, ਜੈ ਜੈ ਕਾਰ ਬੁਲਾਈ
ਸਮਝ ਸਕੇ ਨਾਂਹ ਉਹ ਹੁਣ ਤਾਈਂ
ਚੋਰਾਂ ਠੱਗਾਂ ਦੀ ਚਤੁਰਾਈ
ਉਹ ਜਿਨ੍ਹਾਂ ਨੇ
ਇਸ ਸੰਵਿਧਾਨ ਦੀ ਸਹੁੰ ਖਾਧੀ ਸੀ
ਉਹਨਾਂ ਨੇ ਹੀ
ਕੰਜ ਕੁਆਰੀਆਂ ਧਾਰਾਵਾਂ ਨੂੰ
ਅਗਵਾ ਕਰ ਬੇਪੱਤ ਕੀਤਾ ਹੈ

ਏਸ ਸਮੇਂ ਤਾਂ ਹਰ ਪਾਸੇ ਹੀ
ਦੁਸ਼ਾਸਨ ਦੀ ਨ੍ਹੇਰ ਸਭਾ ਹੈ
ਸ਼ੁਕਨੀ ਰੋਜ਼ ਨੇ ਚਾਲਾਂ ਚਲਦੇ
ਧਿਰਤਰਾਸ਼ਟਰ ਜੋ ਅੰਨ੍ਹਾਂ ਸੀ
ਆਪਣੀ ਗੱਦੀ
ਪੁੱਤਰ ਤੇ ਪਰਿਵਾਰ ਦੇ ਮੋਹ ਵਿਚ
ਅਕਲੋਂ ਵੀ ਤਾਂ ਅਸਲੋਂ ਅੰਨ੍ਹਾਂ ਹੋ ਚੁੱਕਾ ਹੈ
ਉਹ ਹੁਣ ਕੀ ਇਨਸਾਫ ਕਰੇਗਾ
ਉਹ ਹੋਰਾਂ ਸਿਰ ਦੋਸ਼ ਮੜ੍ਹੇਗਾ
ਜਿਧਰ ਵੇਖੋ ਦਰਯੋਧਨ ਹਨ
ਗ਼ੈਰਤ ਮੰਦੋ
ਪੰਚਾਲੀ ਦੇ ਚੀਰ ਹਰਨ ਨੂੰ
ਕਦ ਤਕ ਏਦਾਂ ਚੁੱਪ ਚੁੱਪੀਤੇ ਸਹਿਣ ਕਰੋਗੇ
ਲੋਟੂ ਜ਼ਾਲਿਮ ਦੰਭੀਆਂ ਦੇ ਸੰਗ
ਕਾਇਰਾਂ ਨੂੰ ਵੀ
ਸਮਾਂ ਕਦੀ ਨਹੀਂ ਮੁਆਫ ਕਰੇਗਾ।

## ਅਖੌਤੀ ਹਮਦਰਦ

ਇਹ ਕਿਸ ਤਰ੍ਹਾਂ ਦੇ ਸਮਾਜ ਸੇਵੀ
ਰਾਜਸੀ ਨੇਤਾ ਧਾਰਮਿਕ ਆਗੂ
ਤੇ ਸਾਹਿਤਕਾਰ ਹਨ
ਜੋ ਉਡੀਕਦੇ ਰਹਿੰਦੇ ਹਨ
ਕਿਸੇ ਦੇ ਜਵਾਨ ਪੁੱਤਰ ਦੀ
ਕਿਧਰੇ ਅਚਾਨਕ ਮੌਤ ਹੋਵੇ
ਜਾਂ ਮਾਸੂਮ ਬੱਚਿਆਂ ਦੇ ਸਿਰੋਂ
ਉੱਠ ਜਾਵੇ ਮਾਤਾ ਪਿਤਾ ਦਾ ਸਾਇਆ
ਟੁੱਟ ਜਾਵੇ ਬੁੱਢੇ ਮਾਂ ਬਾਪ ਦੀ ਡੰਗੋਰੀ
ਕਿਧਰੇ ਹੜ੍ਹ ਜਾਂ ਭੁਚਾਲ ਆਵੇ
ਕਿਧਰੇ ਕੋਈ ਬਸ ਜਾਂ ਰੇਲ ਦੁਰਘਟਨਾ ਹੋਵੇ
ਜਾਂ ਕਿਧਰੇ ਹਵਾਈ ਹਾਦਸਾ ਹੋਵੇ
ਬੰਬ ਧਮਾਕੇ 'ਚ ਮਾਰੇ ਜਾਣ ਨਿਰਦੋਸ਼
ਅਤਿਵਾਦੀ ਕਰ ਦੇਣ
ਕਿਸੇ ਫਿਰਕੇ ਦੇ ਲੋਕਾਂ ਨੂੰ ਕਤਲ
ਫਿਰਕੂ ਦੰਗਿਆਂ ਵਿਚ

ਮਰਦ ਔਰਤਾਂ ਬੱਚੇ
ਜਲਾਏ ਜਾਣ ਘਰਾਂ ਵਿਚ,
ਜੇ ਹੋਰ ਨਹੀਂ ਤਾਂ
ਕੋਈ ਦੇਸ਼ ਦਾ ਰਾਖਾ ਹੀ ਹੋ ਜਾਵੇ ਸ਼ਹੀਦ
ਤੇ ਉਹ ਅਖਬਾਰਾਂ ਵਿਚ
ਆਪਣੇ ਨਾਂ ਛਪਾਉਣ ਖਾਤਿਰ
ਕਰ ਸਕਣ ਡੂੰਘੇ ਅਫਸੋਸ ਦਾ ਪਰਗਟਾਵਾ
ਜਿਵੇਂ ਉਹ ਹਰ ਵਾਰੀ
ਹਰ ਰੋਜ਼ ਕਰਦੇ ਨੇ
ਮਗਰਮੱਛ ਦੇ ਹੰਝੂ ਕੇਰਨ ਵਾਲੇ
ਸਿਵਿਆਂ 'ਤੇ ਰੋਟੀਆਂ ਸੇਕਣ ਵਾਲੇ ਇਹ
ਕਰਦੇ ਰਹਿੰਦੇ ਨੇ
ਦੁਰਘਟਨਾਵਾਂ ਵਾਪਰਨ
ਤੇ ਹੋਰਾਂ ਦੇ ਮਰਨ ਦੀ ਉਡੀਕ
ਗਿਰਝਾਂ?
ਨਹੀਂ ਗਿਰਝਾਂ ਤਾਂ ਇਹਨਾਂ ਤੋਂ ਬਹੁਤ ਚੰਗੀਆਂ ਹਨ।

## ਹੋਸ਼ਿਆਰ ! ਖ਼ਬਰਦਾਰ !

ਮੈਂ ਪਹਿਰੇਦਾਰ ਚੌਂਕੀਦਾਰ ਨਾਂ ਵੀ ਸਹੀ
ਪਰ ਜਦੋਂ ਇਹ ਜਾਣਦਾ ਹਾਂ ਕਿ
ਫਿਰਕੂ ਕਾਤਿਲ ਲੁਟੇਰੇ
ਘੁਟਾਲੇਬਾਜ਼, ਘੱਪਲੇ ਕਰਨ ਵਾਲੇ
ਮਖੌਟੇ ਪਹਿਣ ਕੇ ਦਿਲਕਸ਼
ਫਿਰ ਸਾਡੀ ਬਸਤੀ 'ਚੋਂ
ਵੋਟਾਂ ਲੁੱਟਣ ਆ ਰਹੇ ਨੇ
ਤਾਂ ਮੇਰੇ ਲਈ
ਹੋਸ਼ਿਆਰ! ਖ਼ਬਰਦਾਰ!!
ਕਹਿਣਾ ਤਾਂ ਬਣਦਾ ਹੀ ਹੈ
ਉਂਝ ਮੈਂ ਜਾਣਦਾ ਹਾਂ ਕਿ
ਮੇਰੇ ਤੋਂ ਪਹਿਲਾਂ ਵੀ ਕਈ ਵਾਰ
ਮੇਰੇ ਵਰਗਿਆਂ ਨੇ
ਮੇਰੀ ਬਸਤੀ ਦੇ
ਬੇਹੋਸ਼ ਕੀਤੇ ਘੂਕ ਸੁੱਤੇ
ਲੋਕਾਂ ਨੂੰ ਜਗਾਉਣ ਦਾ
ਬਥੇਰਾ ਯਤਨ ਕੀਤਾ ਹੈ
ਅਤੇ ਹਰ ਵਾਰ ਥੋੜ੍ਹੇ ਜਿਹੇ
ਕੁਝ ਕੁ ਹੀ ਲੋਕ ਜਾਗੇ ਨੇ
ਤੇ ਕਈ ਵਾਰ
ਜਗਾਉਣ ਵਾਲਿਆਂ ਦੀ ਆਵਾਜ਼
ਸਦਾ ਲਈ ਦਬਾ ਦਿਤੀ ਗਈ ਹੈ
ਪਰ ਸੋਚਦਾ ਹਾਂ
ਸ਼ਾਇਦ ਇਸ ਵਾਰ
ਕੋਈ ਅਚੰਭਾ ਹੋ ਹੀ ਜਾਵੇ

ਤੇ ਏਸੇ ਲਈ ਮੈਂ ਕੂਕਦਾ ਹਾਂ
ਸੁੱਤਿਓ ਲੋਕੋ, ਜਾਗੋ
ਰਹਿਬਰਾਂ ਦੇ ਭੇਸ ਵਿਚ
ਲੁਕੇ ਰਹਿਜ਼ਨ ਪਛਾਣੋਂ

ਜੋ ਰੱਤ ਪੀਣੇ
ਤੁਹਾਡੇ ਲਹੂ ਵਿਚ ਨਹਾਉਂਦੇ ਨੇ
ਭਰਾਵਾਂ ਵਿਚ ਜੋ ਨਫ਼ਰਤ ਦੇ
ਜ਼ਹਿਰੀ ਕੰਡੇ ਉਗਾਉਂਦੇ ਨੇ
ਤੇ ਜੋ ਧਰਮ ਦੇ ਨਾਂ ਤੇ
ਫਿਰਕੂ ਦੰਗੇ ਕਰਾਉਂਦੇ ਨੇ
ਤੇ ਜੋ ਆਜ਼ਾਦੀ ਦੇ ਸ਼ਹੀਦਾਂ ਦੀ
ਸ਼ਹਾਦਤ ਨੂੰ ਬੜੇ ਚਿਰਾਂ ਤੋਂ
ਨੀਲਾਮ ਕਰਦੇ ਆ ਰਹੇ ਨੇ
ਹੁਣ ਉਹ ਤੁਹਾਡੀ ਆਜ਼ਾਦੀ ਤੇ ਤੁਹਾਨੂੰ
ਬਦੇਸ਼ੀਆ ਦੇ ਪਾਸ
ਗਿਰਵੀ ਰਖ ਰਹੇ ਨੇ
ਉਹ ਜੋ ਤੁਹਾਨੂੰ
ਗਰੀਬੀ, ਭੁੱਖ ਮਹਿੰਗਾਈ
ਤੇ ਬੇਕਾਰੀ ਦੇ ਵੇਲਣੇ ਵਿਚ
ਨਪੀੜ ਕੇ
ਤੁਹਾਡੀ ਮਿਹਨਤ ਦਾ ਰਸ ਪੀਂਦੇ ਨੇ
ਹੁਣ ਫਿਰ ਤੁਹਾਡੇ ਹਮਦਰਦ ਬਣ ਕੇ
ਤੁਹਾਡੇ ਦਰਾਂ 'ਤੇ
ਤੁਹਾਡੇ ਅਖੌਤੀ ਸੇਵਕ ਬਣ
ਵੋਟਾਂ ਮੰਗਣ, ਤੁਹਾਨੂੰ ਠੱਗਣ
ਆ ਰਹੇ ਨੇ
ਤੇ ਜੇ ਤੁਸੀਂ ਜ਼ੁਲਮ ਦੀ ਚੱਕੀ ਵਿਚ

ਪੀਸਣੋਂ ਬਚਣਾ ਹੈ
ਤਾਂ ਸਾਵਧਾਨ! ਹੋਸ਼ਿਆਰ ਹੋ ਜਾਓ
ਆਪਣੇ ਅਸਲੀ ਦੁਸ਼ਮਣਾਂ
ਤੇ ਉਹਨਾਂ ਦੇ ਏਜੰਟਾਂ ਨੂੰ ਪਛਾਣੋ

ਜੋ ਅੱਜ ਤੁਹਾਡੇ ਆਪਣੇ ਬਣ ਕੇ
ਤੁਹਾਡੇ ਹੱਕਾਂ ਦੀ ਗਲ ਕਰਦੇ ਨੇ
ਉਹਨਾਂ ਦੰਭੀਆਂ ਤੁਹਾਨੂੰ ਕਦੀ ਵੀ
ਤੁਹਾਡੇ ਹੱਕ ਨਹੀਂ ਦੇਣੇ

ਇਹਨਾਂ ਪਾਖੰਡੀਆਂ ਨੂੰ ਤੁਸੀਂ ਪੁੱਛੋ
ਜਦ ਤੁਹਾਡੇ ਘਰਾਂ ਦੇ ਚਿਰਾਗ਼
ਗੁਲ ਕੀਤੇ ਜਾ ਰਹੇ ਸਨ
ਤੇ ਹਰ ਰੋਜ਼ ਤੁਹਾਡੇ ਘਰਾਂ ਵਿਚ
ਕੀਰਨੇ ਪੈਂਦੇ ਸਨ
ਤਾਂ ਉਦੋਂ ਇਹ ਲੋਕ ਕਿੱਥੇ ਸਨ?
ਆਪਣੇ ਹੱਕਾਂ ਲਈ ਤਾਂ ਤੁਹਾਨੂੰ
ਖੁਦ ਹੀ ਸੋਚਣਾ ਪੈਣੈਂ
ਮਿਲ ਕੇ ਜੂਝਣਾ ਪੈਣੈਂ
ਤੇ ਜੇ ਇਸ ਵਾਰ ਵੀ ਤੁਸੀਂ
ਦੁਸ਼ਮਣ ਦੀ ਚਾਲ ਵਿਚ ਫਸ ਕੇ
ਇਕ ਦੂਜੇ ਦੀ ਪੱਗ ਤੇ ਟੋਪੀ
ਲਾਹੁੰਦੇ ਰਹੇ
ਤਾਂ ਤੁਹਾਡਾ ਪਹਿਲਾਂ ਤੋਂ ਵੀ ਮੰਦਾ ਹਾਲ ਹੋਵੇਗਾ
ਤੇ ਇਤਿਹਾਸ ਤੁਹਾਨੂੰ
ਦੁਸ਼ਮਣ ਦੇ ਪਿਆਦੇ ਹੀ ਲਿਖੇਗਾ
ਪਰ ਮੈਨੂੰ ਆਸ ਹੈ
ਮੇਰੇ ਧਰਤੀ ਦੇ ਲੋਕੋ
ਇਸ ਵਾਰ ਤੁਸੀਂ ਜ਼ਰੂਰ ਜਾਗੋਗੇ।

## ਦੰਭੀ

ਅਕਸਰ ਹੀ ਇਕ ਉੱਘਾ ਸ਼ਾਇਰ
ਜਦ ਕਿਧਰੇ ਵੀ
ਗੀਤ ਗ਼ਜ਼ਲ ਜਾਂ ਆਪਣੀ ਕੋਈ ਨਜ਼ਮ ਸੁਣਾਵੇ
ਆਪਣੇ ਪਿੰਡ ਅਤੇ ਲੋਕਾਂ ਨੂੰ ਚੇਤੇ ਕਰ ਕਰ
ਕਵਿਤਾ ਦੇ ਵਿਚ, ਭਰੇ ਉਹ ਹਾਵੇ
ਲੰਮੇ ਸਮੇਂ ਤੋਂ ਸ਼ਹਿਰ 'ਚ ਵਸਦੇ
ਉਸ ਸ਼ਾਇਰ ਦੀਆਂ ਕਵਿਤਾਵਾਂ ਵਿਚ
ਫਸਲਾਂ ਝੂਮਣ ਚਿੜੀਆਂ ਚੂਕਣ
ਨਰਮਾ ਅਤੇ ਕਪਾਹ ਖਿੜਦੀ ਹੈ
ਭੱਠੀਆਂ 'ਤੇ ਨੇ ਭੁੱਜਦੇ ਦਾਣੇ
ਪਿੱਪਲਾਂ ਬੋਹੜਾਂ ਹੇਠਾਂ ਬੈਠੇ
ਮੱਤਾਂ ਬੁੱਢੇ ਦੇਣ ਸਿਆਣੇ
ਕੁੜੀਆ ਪਿੱਪਲੀਂ ਪੀਂਘਾਂ ਪਾਵਣ
ਜੱਟ ਖੁਸ਼ੀ ਨੂੰ ਸਾਂਭ ਨਾ ਸਕਣ
ਜਦ ਖੁਲ੍ਹ ਕੇ ਹੈ ਵਰ੍ਹਦਾ ਸਾਵਣ
ਐਪਰ ਜਦ ਸੋਕਾ ਪੈ ਜਾਵੇ
ਜਾਂ ਹੜ ਆਵੇ ਤੇ ਜਾਂ ਕਿਧਰੇ
ਪੱਕੀ ਫਸਲ
ਗੜਿਆਂ ਦੇ ਨਾਲ ਮਾਰੀ ਜਾਵੇ
ਆਪਣੀ ਕਵਿਤਾ ਵਿਚ ਉਹ ਕੂਕੇ ਤੇ ਕੁਰਲਾਵੇ
ਮੰਦਹਾਲੀ, ਕਰਜ਼ੇ ਵਿਚ ਦੱਬੇ
ਕਿਰਸਾਨਾਂ ਦਾ ਦਰਦ ਸੁਣਾਵੇ
ਕੱਚੇ ਘਰਾਂ ਦੀ ਬਾਤ ਉਹ ਪਾਵੇ
ਝੂਠੀ ਮੂਠੀ ਹਾਕਮ ਤਾਈਂ ਵੀ ਉਹ ਕੋਸੇ
ਖੜਨ ਲਈ ਧਿਰ ਮਜ਼ਲੂਮਾਂ ਦੀ
ਲੋਕਾਂ ਦੇ ਕੁਝ ਗੀਤ ਵੀ ਗਾਵੇ
ਉਸ ਦਾ ਧੰਦਾ ਓਹੀ ਜਾਣੇ

ਕਿਵੇਂ ਅਮੀਰੀ
ਹੋਰ ਓਸ ਦੀ ਵਧਦੀ ਜਾਵੇ
ਲੋੜ ਪੈਣ 'ਤੇ
ਚਾਪਲੂਸੀ ਦਾ ਆਪਣਾ ਹਥਿਆਰ ਵਰਤ ਕੇ
ਹਾਕਮ, ਅਫਸਰ, ਸਰਮਾਏਦਾਰਾਂ
ਸਭਨਾਂ ਨੂੰ ਖੁਸ਼ ਕਰਨਾ ਜਾਣੇ
ਵੱਡਿਆਂ ਦੇ ਨਾਲ ਉਸ ਦੀ ਯਾਰੀ
ਸਮਝੇ ਹਰ ਥਾਂ ਉਹ ਸਰਦਾਰੀ
ਆਪਣੇ ਬਾਰੇ
ਆਪੇ ਹੀ ਉਹ ਖਬਰਾਂ ਘੜ ਕੇ
ਅਖਬਾਰਾਂ ਵਿਚ ਰੋਜ਼ ਛਪਾਵੇ
ਸ਼ੁਹਰਤ ਆਪਣੀ ਚਰਚਾ ਖਾਤਿਰ
ਨਵਿਉਂ ਨਵਾਂ ਜੁਗਾੜ ਬਣਾਵੇ
ਕਦੀ ਕਦਾਈਂ
ਆਪਣੀ ਟੌਹਰ ਦਿਖਾਣ ਵਾਸਤੇ
ਕਾਰ 'ਚ ਆਪਣੇ ਪਿੰਡ ਉਹ ਜਾਵੇ
ਮਾਂ ਪਿਉ ਭੈਣ ਭਰਾਵਾਂ 'ਤੇ ਉਹ
ਰੋਹਬ ਜਮਾਵੇ
ਕੰਮੀਆ ਤੋਂ ਉਸ ਨੂੰ ਬੋ ਆਵੇ
ਕੁਰਸੀ ਜਾਂ ਮੰਜੇ 'ਤੇ ਬੈਠਾ
ਭੁੰਜੇ ਉਹਨਾਂ ਤਾਈਂ ਬਿਠਾਵੇ
ਕਿਸੇ ਕਿਸੇ ਨੂੰ
ਕੰਮ ਕਰਨ ਦਾ ਲਾਰਾ ਲਾਵੇ
ਗਲੀਂ ਬਾਤੀਂ ਕਈਆਂ ਤਾਈਂ
ਉਹ ਟਰਕਾਵੇ
ਤੇ ਅਗਲੇ ਦਿਨ
ਆਪਣੀ ਕੋਠੀ ਸ਼ਹਿਰ ਆ ਜਾਵੇ
ਆਪਣੇ ਤਾਈਂ ਮਹਾਂ ਕਵੀ ਇਹ ਸਮਝਣ ਵਾਲਾ
ਰਾਜ ਭਾਗ ਦੇ ਬਦਲਣ ਨਾਲ ਹੀ
ਪਲ ਵਿਚ ਆਪਣਾ ਰੰਗ ਵਟਾਵੇ।

## ਵਹਿਸ਼ੀ ਦਰਿੰਦੇ

ਰੇਲਾਂ ਬਸਾਂ, ਹਵਾਈ ਜਹਾਜ਼ਾਂ
ਜਨਤਕ ਥਾਵਾਂ, ਧਰਮ ਅਸਥਾਨਾਂ
ਤੇ ਲੋਕ ਇਕੱਠਾਂ ਵਿਚ
ਬੰਬ ਧਮਾਕੇ ਕਰਨ ਵਾਲੇ
ਇਨਸਾਨ ਨਹੀਂ ਵਹਿਸ਼ੀ ਦਰਿੰਦੇ ਹਨ
ਜੋ ਸ਼ੈਤਾਨਾਂ ਦੇ ਇਸ਼ਾਰੇ 'ਤੇ
ਧੰਨ ਦੌਲਤ ਬਦਲੇ
ਮਾਸੂਮਾਂ ਨਿਰਦੋਸ਼ਾਂ ਦਾ
ਖ਼ੂਨ ਕਰਦੇ ਹਨ
ਇਹ ਹਿੰਦੂ, ਸਿੱਖ, ਮੁਸਲਮਾਂ
ਈਸਾਈ ਜਾਂ ਯਹੂਦੀ
ਬਿਲਕੁਲ ਨਹੀਂ ਹਨ
ਇਹ ਤਾਂ ਮਨੁੱਖਤਾ ਦੇ ਕਾਤਿਲ
ਬੇਰਹਿਮ ਕਸਾਈ ਹਨ
ਇਹਨਾਂ ਨੂੰ ਕਿਸੇ ਵੀ
ਧਰਮ ਨਾਲ ਜੋੜਣਾ
ਧਰਮ ਦੀ ਤੌਹੀਨ ਹੈ
ਹੈਵਾਨਾਂ ਸ਼ੈਤਾਨਾਂ
ਵਹਿਸ਼ੀ ਕਾਤਿਲਾਂ ਦਾ
ਕੋਈ ਵੀ ਧਰਮ ਨਹੀਂ ਹੁੰਦਾ।

## ਦੀਵਾ

ਮੇਰੇ ਘਰ ਵਿਚ ਹਨੇਰਾ ਸੀ
ਜੋ ਦੀਵਾ ਕੋਲ ਸੀ ਮੇਰੇ
ਉਹ ਸੀ ਤੇਲ ਤੋਂ ਸੱਖਣਾ
ਮੈਨੂੰ ਸੀ ਲੋੜ ਚਾਨਣ ਦੀ
ਜੋ ਦੀਵੇ ਦੂਰ ਬਲਦੇ ਸਨ
ਉਹਨਾਂ ਤੋਂ ਆਪਣੇ ਦੀਵੇ ਨੂੰ
ਜਾ ਕੇ ਬਾਲਦਾ ਕਿੱਦਾਂ
ਹਨੇਰੇ ਵਿਚ ਹੀ ਜੇ ਰਹਿੰਦਾ
ਹਨੇਰੇ ਨੇ ਸੀ ਖਾ ਜਾਣਾ
ਮੈਨੂੰ ਜ਼ਿੰਦਗੀ ਪਿਆਰੀ ਸੀ
ਬੜੇ ਸੁਪਨੇ ਉਗਾਣੇ ਸਨ
ਬੜੇ ਸੁਪਨੇ ਸਜਾਣੇ ਸਨ
ਅਚਾਨਕ ਇਕ ਖਿਆਲ ਆਇਆ
ਦੀਵੇ ਨੇੜੇ ਜੋ ਬਲਦੇ ਸਨ
ਉਹਨਾਂ ਦੀਵਿਆਂ ਵਿਚੋਂ
ਖਾਲੀ ਆਪਣੇ ਦੀਵੇ 'ਚ
ਕੁਝ ਕੁ ਤੇਲ ਮੈਂ ਪਾਇਆ
ਦੀਵਾ ਬਾਲ ਕੇ ਆਪਣਾ
ਮੈਂ ਆਪਣੇ ਘਰ ਨੂੰ ਲੈ ਆਇਆ
ਤੇ ਆਪਣੇ ਘਰ ਨੂੰ ਰੁਸ਼ਨਾਇਆ।

## ਐ ਮਨਾਂ !

ਐ ਮਨਾਂ!
ਛੱਡ ਹੁਣ ਝੰਜਟ ਝਮੇਲੇ
ਕੂੜ ਸੋਚਾਂ, ਕੂੜ ਚਿੰਤਾ
ਕੂੜ ਪੜ੍ਹਨਾ, ਕੂੜ ਲਿਖਣਾ ਤਿਆਗ ਕੇ
ਜ਼ਿੰਦਗੀ ਦੇ ਗਰੰਥ 'ਚੋਂ ਤੂੰ ਵਾਕ ਲੈ
ਇਸ ਦਿਆਂ ਅਰਥਾਂ 'ਚ ਗਹਿਰਾ
ਹੋਰ ਗਹਿਰਾ ਉਤਰ ਜਾ
ਮੋਤੀਆਂ ਨੂੰ ਕੰਕਰਾਂ ਤੋਂ ਵੱਖ ਕਰ
ਐ ਮੇਰੇ ਲੇਖਕ ਮਨਾਂ
ਹੋਰਨਾਂ ਨੂੰ ਮੋਤੀਆਂ ਦੇ ਥਾਲ ਦੇ
ਅੱਖਰਾਂ ਦੇ ਨਾਲ ਦੀਵੇ ਬਾਲ ਦੇ
ਫੂਕ ਸਾਰਾ ਨ੍ਹੇਰਿਆਂ ਦਾ ਜਾਲ ਦੇ।

## ਮਨ ਦਾ ਜੰਗਲ

ਮੇਰੇ ਮਨ ਦੇ ਜੰਗਲ ਅੰਦਰ
ਨਫ਼ਰਤ ਕੀਨੇ ਤੇ ਸਾੜੇ ਦਾ
ਝਾੜ ਬੜਾ ਹੈ
ਵਿਸ਼ੇ ਵਿਕਾਰਾਂ ਦੀ ਦਲਦਲ ਹੈ
ਵੈਰ ਵਿਰੋਧ ਤੇ ਹਿੰਸਾ ਦੀਆਂ
ਤਿੱਖੀਆਂ ਜ਼ਹਿਰੀ ਸੂਈਆਂ ਵਾਲੇ
ਕਾਲੇ ਸੰਘਣੇ ਰੁੱਖ ਫੈਲੇ ਹਨ
ਕਦੀ ਕਦਾਈਂ ਇਸ ਜੰਗਲ ਵਿਚ
ਪਰ ਜਦ ਕੋਈ
ਮੋਹ ਦਾ ਬੂਟਾ ਉੱਗ ਪੈਂਦਾ ਹੈ
ਉਸ ਬੂਟੇ 'ਤੇ
ਕਵਿਤਾ ਦੇ ਫਿਰ ਫੁੱਲ ਖਿੜਦੇ ਹਨ
ਮਹਿਕ ਜਿਨ੍ਹਾਂ ਦੀ
ਸਾਰੇ ਜੰਗਲ ਨੂੰ ਹੀ ਚੰਦਨ ਕਰ ਦੇਂਦੀ ਹੈ
ਹਰ ਟਾਹਣੀ ਹਰ ਪੱਤੀ 'ਚੋਂ ਸੰਗੀਤ ਹੈ ਝਰਦਾ
ਜੰਗਲ ਦਾ ਫਿਰ ਹਰ ਰੁੱਖ ਸੂਰਜ ਬਣ ਜਾਂਦਾ ਹੈ
ਤੇ ਰਾਤਾਂ ਨੂੰ
ਪੱਤੀ ਪੱਤੀ ਇਸ ਜੰਗਲ ਦੀ
ਪੂਨਮ ਦਾ ਚੰਨ ਬਣ ਜਾਂਦੀ ਹੈ।

## ਜੀਵਨ ਦਰਿਆ

ਯੁੱਗਾਂ ਯੁੱਗਾਂ ਤੋਂ
ਜੀਵਨ ਦਰਿਆ
ਵਗਦਾ ਜਾਏ, ਵਗਦਾ ਜਾਏ
ਰਾਹ ਵਿਚ ਜੇ ਕੋਈ ਪੱਥਰ ਆਏ
ਉਸ ਪੱਥਰ ਨੂੰ ਪਰ੍ਹਾਂ ਹਟਾਏ
ਤੋੜ ਲਿਜਾਏ ਗੋਲ ਬਣਾਏ
ਜੇ ਕੋਈ ਪਰਬਤ ਰਸਤਾ ਰੋਕੇ
ਓਸ ਨਾਲ ਵੀ ਇਹ ਟਕਰਾਏ
ਆਪਣੇ ਰਸਤੇ ਨੂੰ ਬਦਲਾਏ
ਉਪਰੋਂ ਹੇਠਾਂ ਜਦ ਇਹ ਡਿੱਗੇ
ਪੀੜਾਂ ਨਾਲ ਬੜਾ ਕੁਰਲਾਏ
ਸ਼ੋਰ ਮਚਾਏ ਪਰ ਨਾਂਹ ਆਪਣੀ ਹੋਂਦ ਮਿਟਾਏ
ਇਸ ਦਾ ਪਾਣੀ, ਰਕੜਾਂ ਰੋਹੀਆਂ,
ਬੀਆਬਾਨਾਂ ਅਤੇ ਥਲਾਂ ਨੂੰ
ਹਰੇ ਭਰੇ ਸਰ ਸਬਜ਼ ਬਣਾਏ
ਇਸ 'ਚੋਂ ਨਿਕਲਣ ਨਹਿਰਾਂ ਸੂਏ
ਤੇ ਫਿਰ ਕਸੀਆਂ ਖਾਲ ਅਨੇਕਾਂ
ਪਰ ਨਾ ਕਮੀ ਕਦੀ ਵੀ ਕੋਈ
ਇਸ ਵਿਚ ਆਏ
ਨਦੀਆਂ ਨਾਲੇ
ਇਸ ਵਿਚ ਆ ਕੇ ਮਿਲਦੇ ਜਾਵਣ
ਇਹ ਸਾਗਰ ਵਲ ਵਹਿੰਦਾ ਜਾਏ
ਜਦ ਤਕ ਧਰਤੀ, ਸੂਰਜ ਪੌਣ ਅਤੇ ਹੈ ਪਾਣੀ
ਹੋਣੀ ਨਾਂਹ ਇਹ ਖ਼ਤਮ ਕਹਾਣੀ
ਇਸ ਨੇ ਪਲ ਪਲ ਰੂਪ ਵਟਾਣਾ
ਜੀਵਨ ਦਰਿਆ ਵਗਦੇ ਜਾਣਾ।

## ਮੇਰੀ ਕਵਿਤਾ

ਕਵਿਤਾ!
ਮੇਰੀ ਕਵਿਤਾ
ਇਕ ਤੂੰ ਹੀ ਤਾਂ ਹੈਂ
ਜੋ ਮੇਰੀ ਹਰ ਖ਼ੁਸ਼ੀ
ਹਰ ਗ਼ਮੀ 'ਚ
ਮੇਰੇ ਸਾਥ ਹੁੰਦੀ ਏਂ
ਤੇਰਾ ਵਿਸ਼ਾਲ ਹਿਰਦਾ ਤਾਂ
ਸੱਤਾਂ ਸਮੁੰਦਰਾਂ ਤੋਂ ਵੀ ਗਹਿਰਾ ਹੈ
ਜਿਸ ਮੇਰੇ ਹਰ ਰਾਜ਼ ਨੂੰ
ਆਪਣੇ ਸੀਨੇ 'ਚ ਸਾਂਭ ਰੱਖਿਆ ਹੈ
ਮੈਂ ਜਦ ਕਦੀ ਵੀ
ਜ਼ਿੰਦਗੀ ਤੋਂ ਨਿਰਾਸ਼ ਹੋ
ਇਸ ਨੂੰ ਸਦੀਵੀ ਅਲਵਿਦਾ
ਕਹਿਣ ਬਾਰੇ ਸੋਚਦਾ ਹਾਂ
ਤਾਂ ਹਰ ਵਾਰ
ਮੇਰੀ ਮਹਿਬੂਬ, ਮੇਰੀ ਕਵਿਤਾ
ਤੂੰ ਅਛੋਪਲੇ ਜਿਹੇ
ਮੈਨੂੰ ਆਪਣੇ ਕਲਾਵੇ 'ਚ ਲੈ

ਮੇਰੇ ਹੰਝੂ ਪੂੰਝ
ਮੇਰੀ ਹਰ ਪੀੜਾ ਚੂਸ ਲੈਂਦੀ ਹੈਂ
ਤੇ ਮੁਸਕਰਾ ਕੇ
ਮੇਰੇ ਕੰਨਾਂ 'ਚ ਆਖਦੀ ਹੈਂ
ਸ਼ਾਇਰਾ! ਮੇਰੇ ਹੁੰਦਿਆਂ ਤੂੰ ਇਹ ਕਿਵੇਂ ਸੋਚ ਲਿਆ
ਕਿ ਤੇਰਾ ਕੋਈ ਆਪਣਾ ਨਹੀਂ
ਤੂੰ ਤਾਂ ਅਜੇ ਬਹੁਤ ਦੂਰ ਜਾਣਾ ਹੈ
ਚਲ ਉੱਠ ਆਪਣੀ ਕਲਮ ਚੁੱਕ
ਤੇ ਉਹਨਾਂ ਲੋਕਾਂ ਲਈ ਲਿਖ
ਜੋ ਅਜੇ ਵੀ
ਆਜ਼ਾਦੀ ਖੁਸ਼ਹਾਲੀ ਤੋਂ ਵਾਂਝੇ ਨੇ
ਰੌਸ਼ਨੀ ਦੀ ਸੱਚ ਦੀ, ਸੰਘਰਸ਼ ਦੀ ਤੂੰ ਬਾਤ ਪਾ
ਜਾਗ ਖੁਦ ਤੇ ਹੋਰਾਂ ਤਾਈਂ ਵੀ ਜਗਾ
ਮੇਰੀ ਕਵਿਤਾ
ਜੇ ਤੂੰ ਮੇਰੇ ਸਾਥ ਨਾ ਹੁੰਦੀ
ਤਾਂ ਮੈਂ ਕਦੋਂ ਦਾ ਖ਼ਤਮ ਹੋ ਗਿਆ ਹੁੰਦਾ
ਪਰ ਮੇਰੀ ਮਹਿਬੂਬਾ ਮੇਰੀ ਕਵਿਤਾ
ਇਕ ਤੂੰ ਹੀ ਤਾਂ ਹੈਂ
ਜੋ ਹਰ ਵਕਤ ਹਮੇਸ਼ਾ ਮੇਰੇ ਸਾਥ ਹੁੰਦੀ ਏਂ

# ਕਵਿਤਾ

ਸ਼ਬਦਾਂ ਨੂੰ ਤੋੜਨਾ
ਉਲਟੇ ਪੁਲਟੇ ਜੋੜਨਾ
ਤੇ ਉਹਨਾਂ ਦਾ
ਉਹ ਜੰਗਲ ਬਣਾ ਦੇਣਾ
ਜਿਸ 'ਚੋਂ ਅਰਥਾਂ ਦੇ ਫੁੱਲ ਲਭਦੇ
ਪਾਠਕ, ਸਰੋਤੇ ਦਲਦਲ 'ਚ ਧਸ ਜਾਵਣ
ਜਾਂ ਹਨੇਰੀ ਗੁਫਾ 'ਚ ਫਸ ਜਾਵਣ
ਕੋਈ ਕਵਿਤਾ ਨਹੀਂ ਹੁੰਦੀ।

ਭਾਵਾਂ ਤੋਂ ਸੱਖਣੇ
ਕਾਫੀਏ ਰਦੀਫਾਂ ਦੀਆਂ ਕਤਾਰਾਂ 'ਚ ਚਿਣੇ
ਸ਼ਬਦਾਂ ਦੀ ਪਰੇਡ
ਇਨਾਮਾਂ ਕਨਾਮਾਂ ਲਈ ਝੂਠੀ ਉਸਤਤ
ਜਾਂ ਕੰਨ ਪਾੜਵਾਂ ਸ਼ੋਰ
ਕਦੀ ਕਵਿਤਾ ਨਹੀਂ ਹੁੰਦੇ।

ਕਵਿਤਾ ਤਾਂ
ਕਿਸੇ ਮਾਸੂਮ ਬੱਚੇ ਦੇ
ਹੋਠਾਂ 'ਤੇ ਆਈ ਨਿਰਛੱਲ ਮੁਸਕਾਨ ਜਿਹੀ
ਤ੍ਰੇਲ ਧੋਤੇ ਤਾਜ਼ੇ ਖਿੜੇ ਰੰਗਲੇ ਫੁੱਲਾਂ ਜਿਹੀ
ਦਰਿਆਵਾਂ ਦੇ ਵਗਦੇ ਨਿਰਮਲ ਨੀਰ ਜਿਹੀ
ਸੁਗੰਧ ਸਮੀਰ ਜਿਹੀ
ਸਾਗਰ 'ਚੋਂ ਉਠੀਆਂ ਛੱਲਾਂ ਜਿਹੀ ਹੁੰਦੀ ਹੈ।

ਕਵਿਤਾ ਤਾਂ
ਬਿਰਹੋਂ ਕੁੱਠੇ ਦਿਲ 'ਚੋਂ ਉਠੀ ਹੂਕ ਜਿਹੀ
ਤੇ ਕਦੀ ਵਸਲ ਦੇ ਆਨੰਦ 'ਚ ਧੜਕਦੇ
ਦੋ ਦਿਲਾਂ ਦੇ ਅਗੰਮੀਂ ਰਾਗ ਜਿਹੀ

ਤੇ ਕਦੀ ਪਹਿਲੇ ਪਿਆਰ 'ਚ
ਮਹਿਬੂਬ ਨਾਲ ਪਹਿਲੀ ਵਾਰ
ਨਜ਼ਰਾਂ 'ਚ ਕੀਤੀਆਂ ਗਲਾਂ ਜਿਹੀ ਹੁੰਦੀ ਏ
ਤੇ ਕਈ ਵਾਰ ਕਵਿਤਾ
ਕਿਸੇ ਲਾਚਾਰ ਦੀਆਂ ਅੱਖਾਂ 'ਚ ਆਏ
ਹੰਝੂਆਂ ਦੇ ਦਰਦ ਜਿਹੀ
ਤੇ ਕਦੀ ਮਾਸੂਮ ਦੀ ਰਖਿਆ ਲਈ
ਆਨੰਦਪੁਰ 'ਚ ਲਿਸ਼ਕੀ
ਗੁਰੂ ਗੋਬਿੰਦ ਸਿੰਘ ਦੀ ਤੇਗ਼ ਜਿਹੀ ਹੁੰਦੀ ਏ
ਦੋਸਤੋ! ਕਵਿਤਾ ਤਾਂ
ਨਿਰਜਿੰਦ ਸ਼ਬਦਾਂ ਨੂੰ ਜੀਵੰਤ ਕਰਦੀ
ਜ਼ਿੰਦਗੀ 'ਚ ਖੁਸ਼ੀਆ ਦੇ ਨਵੇਂ ਰੰਗ ਭਰਦੀ
ਬਿਨਾਂ ਖੰਭਾਂ ਤੋਂ ਉਡਾ
ਅੰਬਰ 'ਚ ਲੈ ਜਾਂਦੀ ਹੈ
ਪਰ ਧਰਤੀ ਨਾਲੋਂ ਨਾਤਾ
ਕਦੀ ਟੁੱਟਣ ਨਹੀਂ ਦੇਂਦੀ
ਇਹ ਤਾਂ ਵੇਦਨਾ ਸੰਵੇਦਨਾ
ਜਜ਼ਬਿਆਂ ਤੇ ਚਾਹਤਾਂ ਦਾ
ਉਹ ਅੰਮ੍ਰਿਤ-ਫਲ ਹੁੰਦੀ ਏ
ਜਿਸ ਨੂੰ ਚੱਖਿਆਂ
ਮਨ ਮਸਤਕ ਰੁਸ਼ਨਾ ਜਾਂਦੇ ਨੇ
ਇਸ ਦੀ ਰੌਸ਼ਨੀ ਤੋਂ
ਧੁੰਧ, ਝੱਖੜ ਹਨੇਰੇ ਵਿਚ ਵੀ
ਸਾਗਰ 'ਚ ਭਟਕੇ ਜਹਾਜ਼ਾਂ ਨੂੰ
ਮੰਜ਼ਿਲ ਦਾ ਸਹੀ ਪਤਾ ਚਲ ਜਾਂਦੈ
ਕਵਿਤਾ ਕਦੀ ਵੀ
ਸ਼ਬਦਾਂ ਦਾ ਹਨੇਰਾ ਜੰਗਲ ਨਹੀਂ ਹੁੰਦੀ।

## ਮਾਂ

ਘਰ ਤਾਂ ਸਾਰਾ ਓਹੀ ਹੈ
ਪਰ ਤੇਰੇ ਬਿਨ
'ਸੁੰਨਾਂ ਸੁੰਨਾਂ ਜਾਪਦਾਹੈ
ਹੁਣ ਤੇਰੇ ਬਿਨ
ਮੇਰੀ ਕਿਸ ਕਰਨੀ ਉਡੀਕ
ਕਿਸ ਨੇ ਬੂਹੇ ਵਿਚ ਬਹਿ ਕੇ
ਰਾਹ ਮੇਰਾ ਹੈ ਵੇਖਣਾ
ਹੁਣ ਨਹੀਂ ਮਿਲਣਾ ਕਿਤੋਂ
ਤੇਰਾ ਪਿਆਰ
ਹੁਣ ਮੇਰੇ ਘਰ ਆਉਣ ਤੇ
ਤੇਰੇ ਬਿਨ ਤੇਰੇ ਜਿਹਾ
ਕਿਸ ਨੂੰ ਚੜ੍ਹਣਾ ਹੈ ਚਾਅ
ਹੋਰ ਤਾਂ ਦੁਨੀਆਂ 'ਚ
ਸਭ ਕੁਝ ਮਿਲੇਗਾ
'ਪਰ ਜਦੋਂ
ਪੋਹ ਦੇ ਝੱਖੜ 'ਚ
ਹੁਣ ਮੈਂ ਠਰਾਂਗਾ
ਤੇਰਾ ਨਿੱਘ ਮਿਲਣਾ ਨਹੀਂ
ਤੇ ਜਦ ਕਦੀ ਹੁਣ
ਮੁਸ਼ਕਲਾਂ ਦੇ ਹਾੜ ਵਿਚ
ਮੈਂ ਸੜਾਂਗਾ
ਤੇਰੇ ਬਗੈਰ

ਕੌਣ ਮੇਰੀ ਤਪਦੀ ਰੂਹ ਤੇ
ਛਾਂ! ਮਮਤਾ ਦੀ ਠੰਡੀ ਕਰੇਗਾ
ਮਾਂ!
ਜਾਣਦੀ ਸੈਂ ਤੂੰ ਮੇਰੇ ਹਰ ਭੇਤ ਨੂੰ
ਜਿੱਤ ਨੂੰ ਤੇ ਹਾਰ ਨੂੰ
ਉਠਦੀ ਜਵਾਨੀ ਦੇ ਮੇਰੇ
ਹਰ ਸੁਪਨਿਆਂ ਦੇ ਰਾਜ਼ ਨੂੰ
ਬਚਪਨ ਮੇਰੇ ਦੀ
ਹਰ ਸ਼ਰਾਰਤ ਝੂਠ ਦਾ ਵੀ
ਪਾਜ ਤੇਰੇ ਕੋਲ ਸੀ
ਮੇਰੇ ਬੱਚਿਆਂ ਨੂੰ ਤੇਰੇ ਬਿਨ
ਹੁਣ ਕਿਸੇ ਦਸਣਾ ਨਹੀਂ
"ਪਿਉ ਤੁਹਾਡਾ ਹੁੰਦਾ ਸੀ
ਡਾਢਾ ਸ਼ੈਤਾਨ
ਪਰ ਗਰੀਬੀ ਮੁਸ਼ਕਲਾਂ ਦੇ
ਨਾਲ ਲੜਕੇ ਜੂਝਦਾ
ਇਹ ਹੈ ਜਿਥੇ ਪਹੁੰਚਿਆ
ਤੁਸੀਂ ਉਸ ਤੋਂ ਹੋਰ ਅੱਗੇ ਪਹੁੰਚਣਾ"
ਮਾਂ ਤੇਰੇ ਬਿਨ
ਮੇਰੀਆਂ ਨਜ਼ਮਾਂ 'ਚ ਛੁਪਿਆ
ਦਿਲ ਦਾ ਜੋ ਡੂੰਘਾ ਦਰਦ ਹੈ
ਉਹ ਹੈ ਕਿਸ ਨੇ ਸਮਝਣਾ
ਨਾ ਕਿਸੇ ਤੇਰੇ ਬਿਨਾ ਹੁਣ
ਮੇਰੀ ਫੋਟੋ, ਕਵਿਤਾ ਵਾਲੀ
ਚੁੰਮਣੀ ਤੇ ਸਾਂਭਣੀ ਅਖਬਾਰ ਹੈ
ਆਵਾਜ਼ ਹੁਣ ਮੈਨੂੰ ਕਿਸੇ
ਨਾ ਵਾਂਗ ਤੇਰੇ ਮਾਰਨੀ

ਤੇਰੇ ਬਿਨਾ
ਹੁਣ ਕਦੀ ਮਿਲਣੀ ਨਹੀਂ
ਤੇਰੀ ਅਸੀਸ
ਅੰਬੜੀਏ ਨੀ ਯਾਦ ਹੈ
ਜਦ ਵੀ ਪਿਤਾ ਗਲਤੀ ਮੇਰੀ ਤੇ
ਬਚਪਨ 'ਚ ਮੈਨੂੰ ਕਦੀ ਸੀ ਮਾਰਦਾ
ਵਾਂਗ ਸ਼ੀਹਨੀ ਤੂੰ ਬਚਾ ਲੈਂਦੀ ਸੀ ਮੈਨੂੰ
ਪਰ ਜਦੋਂ ਵਾਹ ਨਹੀਂ ਚਲਦੀ ਸੀ ਕੋਈ
ਵਿਛ ਜਾਂਦੀ ਸੈਂ ਮੇਰੇ ਤੇ
ਮੇਰੀ ਗ਼ਲਤੀ ਦੀ ਸਜ਼ਾ ਭੁਗਤਣ ਲਈ
ਆਪਣੇ ਪਿੰਡੇ ਤੇ ਲਾਸਾਂ ਪਵਾ
ਘੁੱਟ ਕੇ ਹਿਕ ਨਾਲ ਮੈਨੂੰ
ਮੇਰੇ ਅੱਥਰੂ ਪੂੰਝਦੀ ਸੈਂ
ਤੂੰ ਕੋਈ ਡਰਪੋਕ ਇੱਛਰਾਂ ਤਾਂ ਨਹੀਂ ਸੀ
ਪੁੱਤ ਕੁਹਾ ਲੈਂਦੀ ਜੋ ਪੂਰਨ ਆਪਣਾ
ਮਾਂ !
ਮੇਰੀ ਕਵਿਤਾ ਵਿਚ ਹੈ
ਤੇਰੇ ਹੀ ਬੋਲਾਂ ਦੀ ਮਿਠਾਸ
ਮੇਰਿਆਂ ਗੀਤਾਂ 'ਚ
ਤੇਰੀਆਂ ਹੀ ਲੋਰੀਆਂ ਦਾ ਛਲਕਦਾ ਸੰਗੀਤ ਹੈ
ਤੇਰੀ ਹੀ ਰੂਹ ਦੀ ਰੌਸ਼ਨੀ ਦੀ
ਮੇਰਿਆਂ ਅੱਖਰਾਂ 'ਚ ਸਾਰੀ ਲਿਸ਼ਕ ਹੈ
ਪਰ ਜਿਸ ਤਰ੍ਹਾਂ ਤੂੰ ਮੌਤ ਦੇ ਨਾਲ ਜੂਝਦੀ
ਰੋਜ਼ ਹੈਂ ਘੁੱਲ ਘੁੱਲ ਮਰੀ
ਉਸ ਦਾ ਗ਼ਮ ਤਾਂ ਕਦੀ
ਸੀਨੇ 'ਚੋਂ ਜਾ ਸਕਦਾ ਨਹੀਂ
ਮੈਂ ਨਿਮਾਣਾ ਪੁੱਤ ਤੇਰਾ

ਹਾਂ ਬੜਾ ਹੀ ਸ਼ਰਮਸਾਰ
ਮੌਤ ਦੇ ਪੰਜੇ ਚੋਂ, ਤੈਨੂੰ ਬਚਾ ਸਕਿਆ ਨਹੀਂ
ਕਾਸ਼! ਹੁੰਦਾ ਲੱਖਪਤੀ ਜਾਂ ਮੈਂ ਲੀਡਰ ਕੋਈ
ਤੇਰੇ ਚੰਦਰੇ ਰੋਗ ਦਾ
ਬਦੇਸ਼ਾਂ 'ਚ ਕਰਾ ਸਕਦਾ ਇਲਾਜ
ਤੇ ਫਿਰ ਸ਼ਾਇਦ ਤੂੰ ਅਜੇ
ਹੁੰਦੀ ਨਾ ਮੈਥੋਂ ਜੁਦਾ
ਅੰਬੜੀਏ ਨੀ ਕੂਲੀ ਨਿੱਘੀ ਗੋਦ ਦਾ
ਦਿਤਾ ਸੀ ਤੂੰ ਮੈਨੂੰ ਵਿਛਾਉਣਾ
ਪਰ ਮੈਂ ਤੇਰਾ ਪੁੱਤ ਅਭਾਗਾ
ਆਪਣੇ ਹੱਥੀਂ ਅੰਗਿਆਰਿਆਂ ਦੀ ਸੇਜ ਤੇ
ਤੈਨੂੰ ਆਇਆ ਹਾਂ ਲਿਟਾ
ਮਾਫ ਕਰ ਦੇਂਵੀਂ ਤੂੰ ਮੈਨੂੰ
ਹੰਝੂਆਂ ਕੁਝ ਅੱਖਰਾਂ ਬਿਨ
ਭੇਂਟ ਤੈਨੂੰ ਕਰਨ ਲਈ
ਕੋਲ ਮੇਰੇ ਹੋਰ ਤਾਂ ਕੁਝ ਵੀ ਨਹੀਂ ਹੈ
ਪਿਆਰ ਕੁਰਬਾਨੀ ਤੇਰੀ ਦਾ ਕਰਜ਼ ਜੋ
ਲਾਹ ਕਦੀ ਸਕਦਾ ਨਹੀਂ ਮੈਂ
ਪਰ ਤੇਰੀ ਹੀ ਯਾਦ ਵਿਚ
ਹਰ ਮਾਂ ਨੂੰ ਨਿਵਾਉਂਦਾ ਸੀਸ ਹਾਂ

## ਹੀਰਿਆ ਹਿਰਨਾ

ਮੇਰੇ ਮਨ ਦਿਆ
ਹੀਰਿਆ ਹਿਰਨਾਂ
ਕੀ ਲਭਦਾ ਹੈਂ
ਕਿਉਂ ਵਿਆਕੁਲ ਹੈਂ
ਤੈਨੂੰ ਕਿਸ ਲਈ ਚੈਨ ਨਹੀਂ ਹੈ
ਬੇਚੈਨੀ ਤੇ ਭਟਕਣ ਤਾਈਂ
ਆਪਣੇ ਮੱਥੇ ਵਿਚ ਉਗਾ ਕੇ
ਤੇ ਪੈਰਾਂ ਨੂੰ
ਬਿਨ ਮੰਜ਼ਿਲ ਹੀ ਸਫ਼ਰ ਤੇ ਪਾ ਕੇ
ਕਿਉਂ ਤੂੰ ਐਂਵੇਂ ਭਟਕ ਰਿਹਾ ਹੈਂ
ਦੂਰ ਦੁਰਾਡੇ
ਤੈਨੂੰ ਨੇ ਜੋ ਚਸ਼ਮੇ ਦਿਸਦੇ
ਉਹ ਤਾਂ ਐਂਵੇਂ ਭਰਮ ਜਾਲ ਹੈ
ਸਿਖਰ ਦੁਪਹਿਰੇ ਤਪਦੇ ਥਲ ਵਿਚ
ਤੈਨੂੰ ਕਿਧਰੇ ਛਾਂ ਨਹੀਂ ਮਿਲਣੀ
ਠੰਡੀ ਕਾਲੀ ਸੀਤ ਰਾਤ ਨੂੰ
ਘਰ ਵਰਗਾ ਨਿੱਘ ਅਤੇ ਰੌਸ਼ਨੀ
ਤੈਨੂੰ ਕਿਧਰੇ ਵੀ ਨਹੀਂ ਲਭਣੇ
ਪੋਹ ਮਾਘ ਵਿਚ ਧੁੱਪ ਬਿਗਾਨੀ
ਚੋਰੀ ਚੋਰੀ ਕਿੰਨਾ ਕੁ ਚਿਰ
ਤੇਰਾ ਪਿੰਡਾ ਗਰਮਾਵੇਗੀ

ਸੁੱਚਾ ਮੋਹ ਤੇ ਨਿੱਘ ਅਸਲੀ ਉਹ
ਤੈਨੂੰ ਸਦਾ ਨਹੀਂ ਦੇ ਸਕਦੀ
ਜਦ ਚਾਹਿਆ ਉਸ
ਅੱਖ ਬਚਾ ਕੇ ਤੁਰ ਜਾਵੇਗੀ
ਤਲੀਆਂ ਮਲਦਾ ਰਹਿ ਜਾਵੇਂਗਾ
ਨਕਲੀ ਪ੍ਰੀਤ ਮੁਲੰਮੇਂ ਵਾਲੇ
ਸ਼ਬਦ ਜਾਲ ਵਿਚ
ਤੇ ਰੰਗਾਂ ਦੀ, ਚਮਕ ਦਮਕ ਵਿਚ
ਸੌ ਵਾਰੀ ਤੂੰ ਫਸ ਕੇ ਮਿੱਤਰਾ
ਵੇਖ ਲਿਆ ਹੈ
ਜੋ ਖੁਸ਼ਬੋਈ ਭਾਲ ਰਿਹਾ ਹੈਂ
ਉਹ ਤਾਂ ਤੇਰੀ ਨਾਭੀ ਵਿਚ ਹੈ
ਜਿਸ ਚਾਨਣ ਲਈ ਭਟਕ ਰਿਹਾ ਹੈਂ
ਉਹ ਵੀ ਤੇਰੇ ਹੀ ਮੱਥੇ ਵਿਚ
ਤ੍ਰਿਸ਼ਨਾਵਾਂ ਦੀ ਧੂੜ 'ਚ ਢਕਿਐ
ਅੰਮ੍ਰਿਤ ਬੂੰਦਾਂ ਲਭਦਾ ਲਭਦਾ
ਵਿਸ਼ ਦੇ ਕਈ ਮੱਟ ਪੀ ਚੁਕਾ ਹੈਂ
ਮੇਰੇ ਮਨ ਦਿਆ ਹੀਰਿਆ ਹਿਰਨਾਂ
ਬਸ ਕਰ ਐਵੇਂ ਹੋਰ ਭਟਕ ਨਾ
ਆ ਆਪਣੇ ਹੁਣ ਘਰ ਨੂੰ ਮੁੜ ਆ
ਤੇਰੇ ਘਰ ਵਿਚ ਚਿਰਾਂ ਤੋਂ ਤੈਨੂੰ
ਤੇਰੀ ਧੁੱਪ ਉਡੀਕ ਰਹੀ ਹੈ

## ਤਰੱਕੀ !

ਇਹ ਕੇਹੀ ਤਰੱਕੀ ਹੈ
ਕਿ ਇਨਸਾਨ ਜਦ ਚਾਹੇ
ਸੋਚਾਂ ਦੇ ਨੀਲੰਬਰ 'ਚ ਵੀ
ਪੰਛੀਆਂ ਦੇ ਵਾਂਗ
ਉੱਚਾ ਉੱਡ ਸਕਦਾ ਨਹੀਂ
ਦਰਦ ਦਿਲ ਦਾ
ਖੁਲ੍ਹ ਕੇ ਗਾ ਸਕਦਾ ਨਹੀਂ
ਵਾਂਗ ਖੁਸ਼ਬੂ, ਖਿੰਡ ਕੇ
ਆਪਣੇ ਮਹਿਰਮ ਦੇ
ਸਾਹਾਂ 'ਚ ਰਚ ਸਕਦਾ ਨਹੀਂ
ਆਪਣੀ ਝੀਲ ਦੇ
ਬਿਲੌਰੀ ਹਿਰਦੇ 'ਚ
ਚੰਨ ਵਾਂਗ ਟਿਕ ਸਕਦਾ ਨਹੀਂ
ਸਰਦ ਮੌਸਮ 'ਚ ਧੁੱਪ ਵਾਂਗ
ਨਿਸੰਗ ਮੀਤ ਆਪਣੇ ਨੂੰ
ਨਿੱਘ ਦੇ ਸਕਦਾ ਨਹੀਂ
ਚਾਹੇ ਵੀ ਤਾਂ ਤਪਦੇ ਹਾੜ ਵਿਚ
ਆਪਣੇ ਦਿਲਬਰ ਪਿਆਰੇ ਦੇ
ਸੀਨੇ ਠੰਡ ਪਾ ਸਕਦਾ ਨਹੀਂ
ਤੇ ਹਵਾ ਦੇ ਵਾਂਗ ਬੰਦਾ

ਸਾਰੀ ਧਰਤ ਨੂੰ
ਆਪਣੇ ਕਲਾਵੇ 'ਚ
ਕਿਉਂ ਲੈ ਸਕਦਾ ਨਹੀਂ?
ਆਪਣੇ ਘਰਾਂ ਵਿਚ ਵੀ
ਅਜੇ ਤਾਂ ਅਸੀਂ ਸਭ ਕੈਦ ਹਾਂ
ਸਾਡਿਆਂ ਸਾਰਿਆਂ ਦੇ ਸਿਰਾਂ ਤੇ
ਆਪਣੇ ਦੁਆਲੇ
ਆਪੇ ਹੀ ਵਲੀਆਂ
ਵਲਗਣਾ ਦੀ ਸਭਿਅੱਤਾ ਦਾ
ਸਦੀਆਂ ਤੋਂ ਜੋ
ਸਰਾਪ ਚਲਿਆ ਆ ਰਿਹਾ ਹੈ
ਆਓ ਉਸ ਨੂੰ ਤੋੜੀਏ
ਤੇ ਆਪਣੀਆਂ ਸੋਚਾਂ ਦੇ
ਪੈਰਾਂ ਵਿਚੋਂ
ਜ਼ਾਤਾਂ ਨਸਲਾਂ ਧਰਮਾਂ
ਬੋਲੀਆਂ ਮੁਲਕਾਂ ਦੀਆਂ
ਬੇੜੀਆਂ ਨੂੰ ਕਟੀਏ
ਤਾਰਿਆਂ ਤੋਂ ਨੂਰ ਲੈ ਕੇ
ਧਰਤ ਦੇ ਪਿੰਡੇ ਤੋਂ
ਵੰਡ, ਨਫਰਤ ਦੀਆਂ ਲਾਸਾਂ ਮਿਟਾਈਏ
ਤਾਂ ਜੋ ਲਹੂ 'ਚ ਲਿਬੜੀ ਨਾ ਫਿਰ ਕੋਈ
ਵਿੰਨ੍ਹੀ ਹੋਈ ਪ੍ਰਭਾਤ ਆਏ

ਸ਼ਾਮ ਨਾ ਕੋਈ ਵੀ ਕਿਧਰੇ
ਸਿਵਿਆਂ 'ਚ ਡੂੰਘੇ ਵੈਣ ਪਾਏ
ਸਦੀਆਂ ਤੋਂ ਬਣ ਕੇ ਦਰਿੰਦਾ ਬੰਦਾ
ਜੋ, ਬੰਦੇ ਦੀ ਰੱਤ ਪੀ ਰਿਹਾ ਹੈ
ਆਓ! ਉਸ ਨੂੰ
ਅਮਨ ਦਾ ਮਾਖਿਉਂ ਚੱਖਣਾ ਸਿਖਾਈਏ
ਤੇ ਬ੍ਰਹਿਮੰਡ ਨਾਲ
ਇਕ ਸੁਰ ਹੋਣ ਦੇ
ਮਿਲ ਕੇ ਅਨੂਠੇ ਗੀਤ ਗਾਈਏ
ਤਾਂ ਜੋ ਮਾਨਵ ਦੀ ਅਸਲੀ ਆਜ਼ਾਦੀ
ਰੂਹ ਦੀ ਤਰੱਕੀ ਤੇ ਸਭਿੱਅਤਾ ਦਾ
ਨਵਾਂ ਯੁੱਗ ਸ਼ੁਰੂ ਹੋਵੇ
ਤੇ ਸਾਡੀਆਂ ਸੋਚਾਂ ਦੇ ਗਮਲਿਆਂ ਵਿਚ
ਦੋਸਤੀ ਤੇ ਪਿਆਰ ਦੇ
ਮਹਿਕਦੇ ਫੁੱਲ ਖਿੜ ਸਕਣ।
ਪਰ ਅਜੇ ਇਹ ਕੇਹੀ ਤਰੱਕੀ ਹੈ
ਕਿ ਇਨਸਾਨ ਜਦ ਚਾਹੇ
ਸੋਚਾਂ ਦੇ ਨੀਲੰਬਰ 'ਚ ਵੀ
ਪੰਛੀਆਂ ਦੇ ਵਾਂਗ
ਉੱਚਾ ਉੱਡ ਸਕਦਾ ਨਹੀਂ
ਸੁਪਨਿਆਂ ਨੂੰ ਸਾਕਾਰ ਕਰ ਸਕਦਾ ਨਹੀਂ

## ਸ਼ਾਮ ਕਿਨਾਰੇ

ਧਰਤੀ ਉੱਤੋਂ ਪਹੁੰਚਿਆ ਚੰਨ ਉੱਤੇ ਇਨਸਾਨ।
ਰਹਿੰਦੀ ਐਪਰ ਓਸ ਦੀ ਲੰਮੀ ਅਜੇ ਉਡਾਣ।
ਲੱਖਾਂ ਕਾਢਾਂ ਕੱਢੀਆਂ ਖੋਜ ਰਿਹਾ ਬ੍ਰਹਿਮੰਡ,
ਬੰਦਾ ਆਪਣੇ ਆਪ ਨੂੰ ਪਰ ਨਾ ਸਕਿਆ ਜਾਣ।
ਸਭ ਸੁੱਖ ਹੁੰਦੇ ਸੁੰਦਿਆਂ ਫਿਰ ਵੀ ਰਹੇ ਉਦਾਸ
ਤ੍ਰਿਸ਼ਨਾਵਾਂ ਤੇ ਲੋਭ ਵਿਚ ਬੰਦਾ ਜੋ ਗ਼ਲਤਾਨ।
ਟੀ.ਵੀ. ਸਿਨਮੇ ਨਾਚ ਘਰ ਜਿੰਨੇਂ ਵਧੇ ਕਲੱਬ
ਬੰਦਾ ਭੁੱਲਿਆ ਆਪਣੀ ਓਨੀ ਹੀ ਪਹਿਚਾਣ।
ਰਿਸ਼ਵਤਖ਼ੋਰ ਬਲੈਕੀਏ ਅਤੇ ਮਿਲਾਵਟ ਖ਼ੋਰ
ਸਮਝਣ ਰੱਬ ਖ਼ੁਸ਼ ਕਰ ਲਿਆ ਕਰ ਦੋ ਕੌਡੀ ਦਾਨ।
ਧੰਨ ਦੌਲਤ ਦੇ ਢੇਰ ਹਨ ਫਿਰ ਵੀ ਨੀਅਤ ਕੰਗਾਲ
ਕੋਲ ਸਬਰ ਸੰਤੋਖ ਜਿਸ ਉਹ ਅਸਲੀ ਧੰਨਵਾਨ।
ਭੌਂਡੀ ਸੰਤ ਜੋ ਧਰਮ ਦੀ ਦੇਂਦੇ ਸਿੱਖਿਆ ਰੋਜ਼
ਫਸ ਖੁਦ ਮਾਇਆ ਜਾਲ ਵਿਚ ਆਪਣਾ ਜਨਮ ਗਵਾਣ।
ਅਸਗਾਹ ਅਤੇ ਅਨੰਤ ਜੋ ਬ੍ਰਹਿਮੰਡ ਹੈ ਅਸੀਮ
ਉਸ ਦੇ ਰਚਨਾਹਾਰ ਨੂੰ ਅਕਲ ਸਕੇ ਕਿੰਝ ਜਾਣ।
ਮੁਜਰਿਮ, ਹਾਕਮ ਮੁਨਸਿਫਾਂ, ਵਿਚ ਹੋਵੇ ਜਦ ਮੇਲ
ਸੱਚ ਫਾਂਸੀ 'ਤੇ ਲਟਕਦਾ ਕੂੜ ਬਣੇ ਪ੍ਰਧਾਨ।
ਬੇਰੋਜ਼ਗਾਰੀ ਭੁੱਖ ਤੇ ਵਧੀ ਗਰੀਬੀ ਹੋਰ
ਖ਼ੁਸ਼ਹਾਲੀ ਦੇ ਰੋਜ਼ ਪਰ ਨੇਤਾ ਦੇਣ ਬਿਆਨ।
ਡਰ ਕੇ ਚੁੱਪ ਹੋ ਜਾਂਵਦੇ ਬਾਕੀ ਨੇ ਸਭ ਲੋਕ
ਕੁਝ ਗੁੰਡੇ ਮਿਲ ਕਰਨ ਜਦ ਮਾਨਵਤਾ ਦਾ ਘਾਣ।
ਪੂੰਜੀਪਤੀ ਵਪਾਰੀਆਂ ਸਾਮਰਾਜੀਆਂ ਫੇਰ

ਹਸਦੀ ਵਸਦੀ ਧਰਤ ਨੂੰ ਕੀਤਾ ਲਹੂ ਲੁਹਾਣ।
ਲਾਉਂਦੇ ਅੱਗ ਜੋ ਅਮਨ ਨੂੰ ਲੋਟੂ ਹੈਂਕੜ ਬਾਜ਼
ਰਾਖੇ ਵਿਸ਼ਵ ਅਮਨ ਦੇ ਜਾਬਰ ਉਹ ਅਖਵਾਣ।
ਕਿਧਰੇ ਭਾਂਬੜ ਅੱਗ ਦੇ ਕਿਧਰੇ ਚੀਕਾਂ ਵੈਣ
ਕੀਤੀ ਫਿਰਕੂ ਲੀਡਰਾਂ ਰੰਗਲੀ ਧਰਤ ਵੀਰਾਨ।
ਹਿੰਸਾ ਨਫ਼ਰਤ ਜੰਗ ਹਨ ਕਰਦੇ ਸਦਾ ਵਿਨਾਸ਼
ਪਿਆਰ ਅਮਨ ਤੇ ਦੋਸਤੀ ਸਦਾ ਬਹਾਰ ਲਿਆਣ।
ਜੇ ਲੜਣਾ ਹੈ ਲੜੇ ਫਿਰ, ਬੰਦਾ ਬਦੀ ਦੇ ਨਾਲ
ਮਾਰੇ ਆਪਣੇ ਅੰਦਰੋਂ ਬੈਠਾ ਜੋ ਸ਼ੈਤਾਨ।
ਜ਼ਾਲਿਮ ਨੀਚ ਹੈ ਮਾਰਦਾ ਬੇਦੋਸ਼ੇ ਮਾਸੂਮ
ਜਾਬਰ ਨੂੰ ਵੰਗਾਰਦਾ ਪਰ ਯੋਧਾ ਬਲਵਾਨ।
ਮਹਿਲਾਂ ਅੰਦਰ ਰੌਸ਼ਨੀ ਝੁੱਗੀਆਂ ਵਿਚ ਹਨੇਰ
ਪਾੜਾ ਮੇਟੇ ਬਿਨਾਂ ਨਾ ਹੋਣਾ ਅਮਨ ਅਮਾਨ।
ਕੰਪਿਊਟਰ ਕਾਲੋਨ ਤੇ ਕਰ ਰਾਕਟ ਦੀ ਖੋਜ
ਬੰਦਾ ਰੋਬਟ ਬਣ ਗਿਆ, ਲਗਾ ਹੁਣ ਪਛਤਾਣ।
ਉਹਨਾਂ ਤਾਈਂ ਹਰ ਕੋਈ ਜਗ ਵਿਚ ਕਰੇ ਪਿਆਰ
ਫੁੱਲਾਂ ਵਾਂਗ ਜੋ ਵੰਡਦੇ ਖੁਸ਼ਬੂ ਤੇ ਮੁਸਕਾਨ।
ਬੁੱਧ ਈਸਾ ਰਵੀਦਾਸ ਜੀ, ਨਾਨਕ ਭਗਤ ਕਬੀਰ
ਵਿਚ ਹਨੇਰੇ ਅੱਜ ਵੀ ਰਾਹ ਸਾਡਾ ਰੁਸ਼ਨਾਣ।
ਦਰਦ ਵੰਡਾਈਏ ਕਿਸੇ ਦਾ ਆਈਏ ਕਿਸੇ ਦੇ ਕੰਮ
ਬਾਕੀ ਬਚਿਆ ਸਮਾਂ ਜੋ ਉਸ ਨੂੰ ਲਈਏ ਮਾਣ।
ਸੁਬ੍ਹਾ ਤਾਂ ਹੈ ਸੀ ਪਲ ਛਿਣ, ਫਿਰ ਢਲ ਗਈ ਦੁਪਹਿਰ
ਖੇੜਾ ਵੰਡ 'ਕੁਲਵੰਤ' ਤੂੰ ਸ਼ਾਮ ਕਿਨਾਰੇ ਆਣ।

## ਧੀਆਂ

ਅਣਜੰਮੀਆਂ ਧੀਆਂ ਦੀ ਹੱਤਿਆ, ਦਾ ਕਿੰਝ ਦਰਦ ਸੁਣਾਵਾਂ।
ਡਾਕਟਰ ਬਾਬਲ ਬਣੇ ਕਸਾਈ, ਗੂੰਗੀਆਂ ਬਣੀਆਂ ਮਾਵਾਂ।
ਧੀਆਂ ਨਾਲ ਹੀ ਜੱਗ ਤੁਰਦਾ ਹੈ, ਜੱਗ ਦਾ ਹਰ ਰਿਸ਼ਤਾ ਜੁੜਦਾ ਹੈ
ਧੀਆਂ ਨਾਲ ਬਹਾਰ ਘਰਾਂ ਵਿਚ, ਧੀਆਂ ਬਾਝ ਖਿਜ਼ਾਵਾਂ।
ਅਣਜੰਮੀ ਧੀ ਮਾਰਨ ਤੋਂ ਵੱਧ, ਪਾਪ ਨਾ ਜੱਗ 'ਤੇ ਕੋਈ
ਧੀਆਂ ਦੇ ਹੱਤਿਆਰੇ ਭੋਗਣ, ਰੂਹ ਦੀਆਂ ਘੋਰ ਸਜ਼ਾਵਾਂ।
ਦਾਦੀ ਨਾਨੀ ਵੀ ਤਾਂ ਧੀ ਸੀ, ਧੀ ਬਿਨ ਏਥੇ ਹੋਣਾ ਕੀ ਸੀ
ਕੁੱਖ ਵਿਚ ਜਦ ਕੋਈ ਧੀ ਨੂੰ ਮਾਰੇ, ਧਰਤੀ ਭਰਦੀ ਆਹਵਾਂ।
ਜੋ ਪੁੱਤਰਾਂ ਲਈ ਧੀਆਂ ਮਾਰਨ, ਮਾਨਵਤਾ ਦੇ ਲੇਖ ਉਹ ਸਾੜਣ
ਧੀਆਂ ਤਾਂ ਹਨ ਰਹਿਮਤ ਰਬ ਦੀ, ਲੂ ਵਿਚ ਠੰਡੀਆਂ ਛਾਂਵਾਂ।
ਵੀਰੇ ਨੂੰ ਇਹ ਬੰਨਣ ਰੱਖੜੀ, ਵਾਗ ਓਸ ਦੀ ਹੱਸ ਹੱਸ ਗੁੰਦਣ
ਸਹੁਰੇ ਘਰ ਵੀ ਮੰਗਣ ਧੀਆਂ, ਪੇਕਿਆਂ ਲਈ ਦੁਆਵਾਂ।
ਜੇ ਨਾ ਧੀ ਕਿਸੇ ਨੇ ਜੰਮੀ, ਬੰਨੇ ਨੂੰ ਕਿੰਝ ਮਿਲੇਗੀ ਬੰਨੀ
ਧੀਆ ਬਿਨ ਪਰਲੋ ਆ ਜਾਊ, ਲੋਕੋ ਸੱਚ ਸੁਣਾਵਾਂ।
ਕਵਿਤਾ ਕਲਾ ਸੰਗੀਤ ਨੇ ਧੀਆਂ, ਮੋਹ ਦਾ ਮਿੱਠਾ ਗੀਤ ਨੇ ਧੀਆਂ
ਧਰਤੀ ਦੀ ਖੁਸ਼ਬੂ ਨੇ ਧੀਆਂ, ਕਰਨ ਸੁਗੰਧਿਤ ਰਾਹਵਾਂ।
ਧੀਆਂ ਰੌਸ਼ਨ ਨਾਮ ਕਰਦੀਆਂ, ਅੰਬਰ ਵੀ ਇਹ ਜਾਣ ਤਰਦੀਆਂ
ਧੀਆਂ ਜੀਵਨ ਨ੍ਹੇਰ ਮਿਟਾਵਣ, ਧੀਆਂ ਨੂਰ ਸ਼ੁਆਵਾਂ।
ਧੀਆਂ ਨੂੰ ਨਾਂਹ ਕੁੱਖ ਵਿਚ ਮਾਰੋ, ਕੁਦਰਤ ਦਾ ਨਾਂਹ ਨੇਮ ਵਿਗਾੜੋ
ਜੀਵਨ ਦੀ ਹਰਿਆਲੀ ਧੀਆਂ, ਅੰਮ੍ਰਿਤ ਦੀਆਂ ਘਟਾਵਾਂ।

# ਲੋਰੀ

ਲੋਰੀ ਬਈ ਲੋਰੀ
ਨੰਨੀ ਮੁੰਨੀ ਗੋਰੀ
ਚਾਂਦੀ ਦਾ ਇਸ ਗੜਵਾ ਲੈਣਾ
ਸੋਨੇ ਦੀ ਕਟੋਰੀ
ਨੱਚੇ ਟੱਪੇ ਗੀਤ ਸੁਣਾਏ
ਸਭਨਾਂ ਦਾ ਇਹ ਮਨ ਪਰਚਾਏ
ਮਿੱਠੀਆਂ ਮਿੱਠੀਆਂ ਗਲਾਂ ਕਰਦੀ
ਇਹ ਗੰਨੇਂ ਦੀ ਪੋਰੀ।
ਬਾਹਰੋਂ ਆਓ ਲੁੱਕ ਛਿੱਪ ਜਾਂਦੀ
ਮੈਨੂੰ ਲੱਭੋ ਆਖ ਬੁਲਾਂਦੀ
ਮਾਣੋ ਬਿੱਲੀ ਡਾਅ ਕਰਦੀ ਹੈ
ਆਪੇ ਚੋਰੀ ਚੋਰੀ
ਬਾਤਾਂ ਸੁਣਦੀ ਸੁਪਨੇ ਬੁਣਦੀ
ਪਲ ਵਿਚ ਰੁਸਦੀ, ਪਲ ਵਿਚ ਮੰਨਦੀ
ਖਿੜ, ਖਿੜ ਹਸਦੀ ਜਦ ਮੈਂ ਆਖਾਂ
ਏਥੇ ਸ਼ੱਕਰ ਭੋਰੀ।
ਚੀਜੀ ਰੋਜ਼ ਖਿਡਾਉਣੇ ਮੰਗੇ
ਕਪੜੇ ਪਾਉਂਦੀ ਸੋਹਣੇ ਚੰਗੇ
ਹਰ ਗਲ ਹੀ ਮਨਵਾ ਲੈਂਦੀ ਹੈ
'ਮਹਿਕ' ਇਹ ਮਲੋ ਜ਼ੋਰੀ।
ਇਹ ਸਰਘੀ ਦੀ ਲੋਅ ਵਰਗੀ ਏ
ਸੋਹਣੀ ਮਾਂ ਤੇ ਪਿਉ ਵਰਗੀ ਏ
ਦਾਦਾ ਦਾਦੀ ਇਸ ਨੂੰ ਆਖਣ
ਮੋਹ ਰੇਸ਼ਮ ਦੀ ਡੋਰੀ।

# ਨਿੱਕੇ ਨਿੱਕੇ ਬਾਲ ਪਿਆਰੇ

ਨਿੱਕੇ ਨਿੱਕੇ ਬਾਲ ਪਿਆਰੇ
ਇਉਂ ਜਾਪੇ ਜਿਉਂ ਕੁਦਰਤ ਰਾਣੀ
ਮਸਤੀ ਦੇ ਵਿਚ ਨੱਚਦੀ ਟੱਪਦੀ
ਸੁਪਨੇ ਉਣਦੀ ਹੱਸਦੀ ਹੱਸਦੀ
ਫੁੱਲ ਦੂਧੀਆ ਸੂਹੇ ਚਿੱਟੇ
ਥਾਂ ਥਾਂ ਉੱਤੇ ਹੋਣ ਖਿਲਾਰੇ।
ਸਾਰੇ ਬਾਲਕ ਬੀਬੇ ਰਾਣੇ
ਧਰਤੀ ਦੇ ਅਣਮੋਲ ਖ਼ਜ਼ਾਨੇ
ਇਹਨਾਂ ਦੇ ਨੈਣਾ ਵਿਚ ਜੋਤੀ
ਮੁਸਕਾਵਣ ਤਾਂ ਵੰਡਣ ਮੋਤੀ
ਇਹ ਨੇ ਸੂਰਜ ਚੰਨ ਸਿਤਾਰੇ
ਖ਼ੁਸ਼ੀਆਂ ਵੰਡਣ ਦੇਣ ਹੁਲਾਰੇ।

ਸਾਡੇ ਬੱਚੇ ਸਾਡੇ ਵਾਰਸ
ਸਾਡੇ ਅੱਜ ਤੇ ਕਲ ਦੀ ਢਾਰਸ
ਆਖਣ ਸਭ ਨੂੰ ਮਿਲ ਕੇ ਸੋਚੋ
ਰੋਕੋ ਹਰ ਥਾਂ ਜੰਗ ਨੂੰ ਰੋਕੋ
ਨਹੀਂ ਤਾਂ ਸੱਭੇ ਮਿਟ ਜਾਵਣਗੇ
ਮਾਨਵਤਾ ਦੇ ਚਿੰਨ ਉਜਿਆਰੇ।
ਇਹ ਜੋ ਬੱਚੇ ਕਲੀਆਂ ਵਰਗੇ
ਸੋਨ ਸੁਨਹਿਰੀ ਡਲੀਆਂ ਵਰਗੇ
ਕਿਉਂ ਮਾਸੂਮ ਇਹ ਭੁੱਖੇ ਨੰਗੇ
ਕਿਉਂ ਇਹਨਾਂ ਨੂੰ ਗੁਰਬਤ ਡੰਗੇ
ਕਿਉਂ ਇਹ ਪੀਂਦੇ ਹੰਝੂ ਖਾਰੇ
ਨੀਤੀਵਾਨੋਂ ਸੋਚੋ ਸਾਰੇ।

## ਨਰਸਾਂ

ਨੀਲੇ ਚਿੱਟੇ ਗੁਲਾਬੀ ਵਸਤਰਾਂ ਵਿਚ
ਤ੍ਰੇਲ ਧੋਤੇ ਫੁੱਲਾਂ ਦੀਆਂ ਰੰਗ ਬਰੰਗੀਆਂ
ਸੁੰਦਰ ਸੁਗੰਧਤ ਪੱਤੀਆਂ ਜਿਹੀਆਂ
ਊਸ਼ਾ ਦੀਆਂ ਕਿਰਨਾਂ
ਤੇ ਚੰਨ ਦੀਆ ਰਿਸ਼ਮਾਂ ਵਰਗੀਆਂ ਨਰਸਾਂ
ਮੁਸਕਾਨਾਂ ਬਖੇਰਦੀਆਂ ਮਰੀਜ਼ਾਂ ਕੋਲ ਆਉਂਦੀਆਂ
ਉਹਨਾਂ ਦੇ ਜ਼ਖ਼ਮਾਂ 'ਤੇ ਮਿੱਠੇ ਬੋਲਾਂ ਦੇ ਫਹੇ ਧਰਦੀਆਂ
ਕਿਸੇ ਨੂੰ ਦੀਦੀ, ਕਿਸੇ ਨੂੰ ਆਂਟੀ ਕਿਸੇ ਨੂੰ ਅੰਕਲ
ਕਿਸੇ ਨੂੰ ਮਾਤਾ, ਕਿਸੇ ਨੂੰ ਬਾਪੂ
ਕਿਸੇ ਨੂੰ ਰਾਜਾ ਕਿਸੇ ਨੂੰ ਗੁੜੀਆ
ਤੇ ਕਿਸੇ ਨੂੰ ਵੀਰ ਜੀ ਕਹਿ, ਆਖਦੀਆਂ
'ਬਸ ਹੁਣ ਤੁਸੀਂ ਠੀਕ ਹੋ'
ਨਰਮ, ਮੁਲਾਇਮ ਨਿੱਘੇ ਹੱਥਾਂ ਨਾਲ ਛੂਹ
ਬਿਮਾਰਾਂ ਦੀ ਸਾਰੀ ਪੀੜ ਚੂਸ ਲੈਂਦੀਆ
ਦਵਾਈਆਂ ਦੇਂਦੀਆਂ,ਟੀਕੇ ਲਾਉਂਦੀਆਂ
ਰਤਾ ਦਰਦ ਨਾ ਹੋਣ ਦੇਂਦੀਆਂ
ਮਰੀਜ਼ਾਂ ਨਾਲ ਨਿੱਕੀਆਂ ਨਿੱਕੀਆਂ
ਮਿੱਠੀਆਂ ਮਿੱਠੀਆਂ ਗਲਾਂ ਕਰਦੀਆਂ
ਉਹਨਾਂ ਨੂੰ ਹਸਪਤਾਲੋਂ
ਛੇਤੀ ਛੁੱਟੀ ਮਿਲ ਜਾਣ ਦੀ ਤਸੱਲੀ ਦੇਂਦੀਆਂ

ਉਹਨਾਂ ਦੇ ਬਿਸਤਰਿਆਂ ਦੀਆਂ ਚਾਦਰਾਂ ਬਦਲਦੀਆਂ
ਉਹਨਾਂ ਨੂੰ ਸਪੰਜ ਤੇ ਕੰਘੀ ਕਰ
ਉਹਨਾਂ ਦੇ ਕਪੜੇ ਬਦਲ
ਉਹਨਾਂ ਨੂੰ ਨਵੀਂ ਤਾਜ਼ਗੀ ਦੇਂਦੀਆਂ
ਕਈਆਂ ਨੂੰ ਇਹਨਾਂ 'ਚੋਂ ਹੀ
ਆਪਣੀਆਂ ਧੀਆਂ ਨਜ਼ਰ ਆਉਂਦੀਆਂ
ਪਾਕਿ ਪਵਿੱਤਰ, ਕਿਸੇ ਇਲਾਹੀ ਬਾਣੀ ਦੇ ਵਾਕਾਂ ਜਿਹੀਆਂ
ਕੁਰਾਨ ਦੀਆਂ ਆਇਤਾਂ ਜਿਹੀਆਂ
ਗੀਤਾ ਦੇ ਸ਼ਲੋਕਾਂ ਜਿਹੀਆਂ
ਭਾਈ ਘਨਈਆ, ਫਲੋਰੈਂਸ ਨਾਈਟਿੰਗੇਲ
ਭਗਤ ਪੂਰਨ ਸਿੰਘ ਤੇ ਮਦਰ ਟਰੇਸਾ ਦੀਆਂ ਵਾਰਸ
ਇਹ ਬਿਮਾਰਾਂ ਦੀ ਸੇਵਾ ਹੀ
ਆਪਣੀ ਬੰਦਗੀ ਤੇ ਪੂਜਾ ਸਮਝਦੀਆਂ
ਨੇਕ ਬਖ਼ਤ ਮਾਪਿਆਂ ਦੀਆ ਜਾਈਆਂ
ਇਹ ਕੁੜੀਆਂ ਜਿਸ ਮਰੀਜ਼ ਕੋਲ ਵੀ ਜਾਂਦੀਆਂ
ਉਸ ਨੂੰ ਸਕੂਨ ਮਿਲ ਜਾਂਦਾ
ਇਹਨਾਂ ਦੀ ਚੁੰਬਕੀ ਛੁਹ ਤੇ ਨਿੱਘੇ ਬੋਲਾਂ ਨੂੰ
ਮਰੀਜ਼ ਉਡੀਕਦੇ ਰਹਿੰਦੇ
ਬਿਮਾਰਾਂ ਲਈ ਤੰਦਰੁਸਤੀ
ਤੇ ਖੁਸ਼ੀਆਂ ਦੀ ਖੁਸ਼ਬੂ ਬਿਖੇਰਦੀਆਂ
ਇਹ ਤਿਤਲੀਆਂ ਦਿਨ ਰਾਤ ਉਡਦੀਆਂ ਰਹਿੰਦੀਆਂ।

## ਆਖ਼ਰੀ ਖ਼ਾਹਿਸ਼

ਹੁਣ ਤਾਂ ਏਹੋ ਦਿਲ ਕਰਦਾ ਹੈ
ਮਹਾਂ ਨਗਰ ਛੱਡ ਜਾਵਾਂ
ਜੰਗਲ ਬੇਲੇ ਦੂਰ ਪਰਬਤੀਂ
ਬਸ ਛੋਟੇ ਜਿਹੇ ਕਿਸੇ ਗਰਾਂ ਵਿਚ
ਰੈਣ ਬਸੇਰਾ ਪਾਵਾਂ
ਰਿਸ਼ੀਆਂ ਵਰਗੇ ਰੁੱਖਾਂ ਤਾਈਂ
ਦੁਨੀਆਂ ਦੇ ਕੱਪਟਾਂ ਦੀ ਵਿਥਿਆ
ਉੱਚੀ ਕੂਕ ਸੁਣਾਵਾਂ
ਮਾਇਆ ਦੇ ਸਭ ਲੋਭੀ ਰਿਸ਼ਤੇ
ਅਸਲੋਂ ਤੋੜ ਮੁਕਾਵਾਂ
ਭੋਲੇ ਭਾਲੇ ਪਸ਼ੂ ਤੇ ਪੰਛੀ
ਆਪਣੇ ਮੀਤ ਬਣਾਵਾਂ
ਫੁੱਲਾਂ ਤੇ ਪੱਤੀਆਂ ਨੂੰ ਚੁੰਮਾਂ
ਪਾ ਟਾਹਣਾਂ ਗਲ ਬਾਹਵਾਂ
ਇਕੋ ਇਕ ਮੁਹੱਬਤ ਦੇ ਮੈਂ
ਰੱਜ ਕੇ ਨਗ਼ਮੇ ਗਾਵਾਂ
ਬਿਰਖਾਂ ਤੇ ਪੱਥਰਾ ਦੇ ਉੱਤੇ
ਪਿਆਰ ਦਾ ਉਕਰਾਂ ਨਾਵਾਂ
ਰਾਤੀਂ ਵੇਖਾਂ ਚਸ਼ਮੇ ਦੇ ਵਿਚ
ਚੰਨ ਦਾ ਰੱਜ ਪਰਛਾਵਾਂ
ਲੋਅ ਤਾਰਿਆਂ ਦੀ ਮੈਂ ਪੀ ਕੇ
ਰੂਹ ਆਪਣੀ ਰੁਸ਼ਨਾਵਾਂ

ਸਰਘੀ ਵੇਲੇ ਕਿਰਨਾਂ ਦੇ ਮੈਂ
ਚਾਨਣ ਵਿਚ ਨਹਾਵਾਂ
ਆਲੇ ਭੋਲੇ ਨਿਰਛਲ ਮਾਣੂ
ਸੱਚੇ ਕਿਰਤੀ ਲੋਕਾਂ ਵਿਚ ਮੈਂ
ਰਹਿੰਦੀ ਉਮਰ ਬਿਤਾਵਾਂ
ਲੋਕਾਂ ਦੇ ਦੁਖ ਦਰਦ ਵੰਡਾਵਾਂ
ਕੰਮ ਹੋਰਾਂ ਦੇ ਆਵਾਂ
ਇਕੋ ਮੋਹ ਦਾ ਅੱਖਰ ਹੋਵੇ
ਬਸ ਮੇਰਾ ਸਿਰਨਾਵਾਂ
ਔਧ ਬਿਤਾ ਮੈਂ ਪੁੱਤ ਮਿੱਟੀ ਦਾ
ਮਰ ਕੇ ਰੁੱਖ ਬਣ ਜਾਵਾਂ
ਫੁੱਲਾਂ ਦੀ ਵੰਡਾਂ ਖੁਸ਼ਬੋਈ
ਹਰ ਝੋਲੀ ਫਲ ਪਾਵਾਂ
ਜੇਠ ਹਾੜ ਵਿਚ ਰਾਹੀਆਂ ਨੂੰ ਮੈਂ
ਦੇਵਾਂ ਠੰਡੀਆਂ ਛਾਵਾਂ
ਹਰ ਟਹਿਣੀ ਮੇਰੀ ਪੰਛੀ ਬੋਲਣ
ਗਲ ਉਹਨਾਂ ਨੂੰ ਲਾਵਾਂ
ਭੁੱਲੇ ਭਟਕੇ ਹਰ ਰਾਹੀ ਨੂੰ
ਆਪਣੀ ਗੋਦ ਬਿਠਾਵਾਂ
ਛੱਤਰੀ ਬਣ ਕੇ ਮੀਂਹ ਝੱਖੜ ਵਿਚ
ਉਸ ਦੇ ਤਾਈਂ ਬਚਾਵਾਂ
ਪੋਹ ਮਾਘ ਦੀ ਠੰਡੀ ਰੁੱਤੇ
ਠੁਰ ਠੁਰ ਕਰਦੇ ਲੋਕਾਂ ਲਈ ਮੈਂ
ਬਾਲਣ ਬਣਾ ਸੁਖਾਵਾਂ
ਗੇੜ ਚੁਰਾਸੀ ਮੁੱਕੇ ਮੇਰਾ
ਪੌਣਾਂ ਵਿਚ ਘੁੱਲ ਜਾਵਾਂ।

# ਮੌਤ

ਹਰ ਜੀਵਨ ਪੰਧ ਮੌਤ ਨੂੰ ਜਾਏ
ਮੌਤ ਦੀ ਕੁੱਖ 'ਚੋਂ ਹੀ ਪਰ ਮੁੜ ਕੇ
ਜੀਵਨ ਫੁੱਲ ਨਵਾਂ ਮੁਸਕਾਏ
ਯੁੱਗਾਂ ਯੁੱਗਾਂ ਤੋਂ ਆਦਿ ਕਾਲ
ਮੌਤ ਤੇ ਜੀਵਨ
ਖੇਡ ਰਹੇ ਨੇ ਲੁੱਕਣ ਮੀਟੀ
ਨਾ ਕੋਈ ਜਿੱਤੇ ਨਾ ਕੋਈ ਹਾਰੇ
ਇਹ ਨੇ ਕਾਲ ਦੇ ਚੋਜ ਨਿਆਰੇ
ਮੌਤ ਨੂੰ ਐਵੇਂ ਕੋਸਨ ਲੋਕੀਂ
ਮੌਤ ਨਾ ਕੋਈ ਬੁਰੀ ਬਲਾ ਹੈ
ਜੀਵਨ ਦਾ ਹੀ ਮੌਤ ਪੜਾ ਹੈ
ਨਵ-ਜੀਵਨ ਲਈ
ਏਸੇ 'ਚੋਂ ਹੀ ਖੁਲ੍ਹਦਾ ਰਾਹ ਹੈ
ਜੀਵਨ ਦਾ ਉਦੇਸ਼ ਹੈ ਇਕੋ
ਖੁਸ਼ੀਆਂ ਖੇੜੇ ਵੰਡੇਦੇ ਜਾਣਾ
ਸੁੰਦਰ ਨਵੀਂ ਸਿਰਜਣਾਂ ਕਰਨਾ
ਜਦ ਆਉਣੀ ਹੈ ਮੌਤ ਆ ਜਾਵੇ
ਮੌਤ ਦੇ ਕੋਲੋਂ ਕਿਸ ਲਈ ਡਰਨਾ
ਮੌਤ ਤੇ ਜੀਵਨ ਸਭਨਾਂ ਲਈ ਹਨ
ਦੋਵੇਂ ਹੀ ਵੱਡੇ ਵਰਦਾਨ
ਜੇਕਰ ਕਿਧਰੇ ਮੌਤ ਨਾ ਹੁੰਦੀ
ਸਾਰੀ ਧਰਤੀ ਬਣ ਜਾਣੀ ਸੀ
ਜਿਉਂਦੀਆਂ ਲਾਸ਼ਾਂ
ਤੁਰਦਾ ਫਿਰਦਾ, ਕਬਰਸਤਾਨ।

## ਕਾਲ

ਧਰਤੀ ਸੂਰਜ ਚੰਨ ਸਿਤਾਰੇ
ਪੌਣ ਪਾਣੀ ਜੜ ਪ੍ਰਾਣੀ ਸਾਰੇ
ਸਾਰਾ ਬ੍ਰਹਿਮੰਡ ਕਾਲ ਦੀ ਲੀਲਾ
ਕਾਲ ਉਪਾਏ ਸਭਨਾਂ ਤਾਈਂ
ਕਾਲ ਕਰੇ ਸਭ ਤੀਲਾ ਤੀਲਾ
ਕਾਲ 'ਚੋਂ ਉਪਜੇ ਜੀਵਨ ਜਿਉਤੀ
ਉਪਜਨ ਏਸੇ 'ਚੋਂ ਹੀ ਸਾਰੇ
ਚਿੰਤਨ ਸੋਚ ਸ਼ਬਦ ਦੇ ਮੋਤੀ
ਕਾਲ ਨੇ ਕੈਸਾ ਖੇਲ ਰਚਾਇਆ
ਆਪੇ ਸਿਰਜਕ ਆਪੇ ਜਾਇਆ
ਸਭ ਨੂੰ ਆਪਣੇ ਵਿਚ ਖਪਾਇਆ
ਇਸ ਦਾ ਭੇਦ ਕਿਸੇ ਨਾ ਪਾਣਾ
ਇਸ ਦਾ ਭੇਦ ਕਿਸੇ ਨਾ ਪਾਇਆ।

# ਗੁਰੂ ਗੋਬਿੰਦ ਸਿੰਘ

ਯਾਰੋ! ਉਹ ਤਾਂ ਚਾਨਣ ਦੀ ਲਾਟ ਸੀ
ਲੋੜ ਸੀ ਜਿਸ ਦੀ
ਹਨੇਰੀ ਰਾਤ ਵਿਚ ਭਟਕਦੇ ਰਾਹੀਆਂ ਨੂੰ
ਤੇ ਉਹਨਾਂ ਨੂੰ
ਜੋ ਛੱਡ ਬੈਠੇ ਸਨ ਹਿਮਤ ਆਸ ਦਾ ਪੱਲਾ
ਉਸ ਦੇ ਬੋਲਾਂ ਤੇ ਅਮਲਾਂ ਨੇ
ਤਾਨਾਸ਼ਾਹ ਜਾਬਰਾਂ ਦੇ, ਪਰਬਤ ਚੀਰ ਕੇ ਸਾਰੇ
ਅਣਖੀਲੇ ਪਾਣੀਆਂ ਦੀ ਨਿਰਮਲ ਨੈਂ ਵਗਾਈ ਸੀ
ਉਹ ਤਾਂ ਮਜ਼ਲੂਮਾਂ ਦੀ ਮੁਹੱਬਤ ਦਾ ਸ਼ੈਦਾਈ ਸੀ
ਤੇ ਸੱਚਾ ਆਸ਼ਿਕ ਸੀ ਮਨੁੱਖਤਾ ਦਾ
ਜਿਨਾਂ ਲੋਕਾਂ ਨੇ ਉਸ ਨੂੰ ਕਲਗੀ ਭੇਂਟ ਕੀਤੀ ਸੀ
ਉਹਨਾਂ ਲੋਕਾਂ ਦੀ ਖਾਤਿਰ ਹੀ
ਉਹ ਸਰਬੰਸ ਆਪਣਾ ਭੇਂਟ ਕਰ ਦਿਤਾ
ਉਹਦੇ ਨੈਣਾਂ 'ਚ ਸ਼ੋਅਲੇ ਸਨ
ਉਹਦੇ ਮਸਤਕ 'ਚ ਕਿਰਨਾਂ ਸਨ
ਬਾਹਾਂ ਫੌਲਾਦ ਦੇ ਵਾਂਗੂ
ਹੱਥ ਸ਼ਮਸ਼ੀਰ ਸੀ ਉਸਦੇ
ਪੈਰੀਂ ਸਨ ਸਫਰ ਦੇ ਛਾਲੇ
ਉਹ ਤਾਂ ਅਨੋਖਾ ਦਗਦਾ ਸੂਰਜ ਸੀ
ਜੋ ਯੁੱਗਾਂ ਯੁੱਗਾਂ ਦੇ ਹਨੇਰੇ ਮੇਟਣ ਲਈ ਚੜ੍ਹਿਆ ਸੀ
ਆਪਣਾ ਤੇਜ ਉਸ ਨੇ ਬਖ਼ਸ਼ਿਆ ਹਰ ਓਸ ਸੂਰੇ ਨੂੰ
ਹੱਕ ਤੇ ਸੱਚ ਖਾਤਿਰ ਜੋ ਨਿਰਭਓ ਹੋ ਕੇ ਲੜਦਾ ਹੈ
ਕਿਸੇ ਵੀ ਜਰਵਾਣੇ ਦੀ ਕਦੀ ਜੋ ਈਨ ਨਹੀਂ ਮੰਨਦਾ
ਆਪਣੇ ਅਜ਼ਮ ਦੀ ਖਾਤਿਰ ਜੋ ਹੱਸ ਕੇ ਜਿੰਦ ਲੁਟਾ ਸਕਦੈ
ਅਸਲੀ ਸਿੱਖ ਹੈ ਉਸ ਦਾ
ਮਜ਼ਲੂਮਾਂ, ਨਿਰਦੋਸ਼ਾਂ ਨਿਹੱਥਿਆਂ ਦੀ
ਜੋ ਵੀ ਜਾਨ ਲੈਂਦੇ ਨੇ
ਦਸਵੇਂ ਗੁਰੂ ਦੇ ਉਹ ਸਿੱਖ
ਕਦੀ ਵੀ ਹੋ ਨਹੀਂ ਸਕਦੇ

## ਨਾਨਕ ਜੀ ! ਮੈਂ ਕਿੰਝ ਤੁਸਾਂ ਤਕ ਆਵਾਂ ?

ਰਾਤ ਹਨੇਰੀ ਪੰਧ ਲੰਮੇਰਾ
ਜੰਗਲ ਦੇ ਵਿਚ ਰਸਤਾ ਭੁੱਲਿਆ
ਮੈਂ ਪਿਆ ਠੇਡੇ ਖਾਵਾਂ
ਨਾਨਕ ਜੀ ! ਮੈਂ ਕਿੰਝ ਤੁਸਾਂ ਤਕ ਆਵਾਂ ?
ਸ਼ੇਰ ਤੇ ਚੀਤੇ ਪਏ ਦਹਾੜਣ
ਸੱਪ ਵਿਹੁਲੇ ਫੁੰਕਾਰੇ ਛੱਡਦੇ
ਸੂਲਾਂ ਭਰੀਆਂ ਰਾਹਾਂ
ਨਾਨਕ ਜੀ ! ਮੈਂ ਕਿੰਝ ਤੁਸਾਂ ਤਕ ਆਵਾਂ ?
ਚਾਰੇ ਪਾਸੇ ਨਾਚ ਮੌਤ ਦਾ
ਆਦਮ ਖੋਰ ਬਲਾਵਾਂ ਨੱਚਣ
ਹੋਣੀ ਪੜ੍ਹਦੀ ਕੰਨੀਂ ਗੂੰਜੇ
ਸਰਵ-ਨਾਸ਼ ਦੀਆਂ ਲਾਵਾਂ
ਨਾਨਕ ਜੀ ! ਮੈਂ ਕਿੰਝ ਤੁਸਾਂ ਤਕ ਆਵਾਂ ?
ਥਾਂ ਥਾਂ ਠੱਗ ਸਜਾ ਕੇ ਬੈਠੇ
ਝੂਠ ਦੀਆਂ ਦੁਕਾਨਾਂ
ਸੱਚਾ ਸੌਦਾ ਲੈਣ ਲਈ ਮੈਂ
ਕਿਹੜੀ ਹੱਟੀ ਜਾਵਾ ?
ਨਾਨਕ ਜੀ ! ਮੈਂ ਕਿੰਝ ਤੁਸਾਂ ਤਕ ਆਵਾਂ ?
ਸੱਚ ਨਿਮਰਤਾ ਕਿਰਤ ਕਮਾਈ
ਨਾ ਸੇਵਾ ਨਾ ਸਿਮਰਨ
ਪਰ ਤੇਰੇ ਉਹ ਬਣ ਗਏ ਵਾਰਸ
ਜਿਨਾ ਕੋਲ ਹੈ ਨਾਵਾਂ
ਨਾਨਕ ਜੀ ! ਮੈਂ ਕਿੰਝ ਤੁਸਾਂ ਤਕ ਆਵਾਂ ?
ਰਾਤ ਦਿਹੁੰ ਦਾ ਫਰਕ ਰਿਹਾ ਨਾ
ਸੂਰਜ ਚੰਨ ਗਵਾਚੇ
ਕਦੇ ਕਦਾਈਂ ਲਿਸ਼ਕੇ ਕਿਧਰੇ
ਤਾਰਾ ਟਾਵਾਂ ਟਾਵਾਂ
ਨਾਨਕ ਜੀ ! ਮੈਂ ਕਿੰਝ ਤੁਸਾਂ ਤਕ ਆਵਾਂ ?

## ਲੋਕ ਰਾਜ ?

ਇਹ ਕਿਸ ਤਰ੍ਹਾਂ ਦਾ ਲੋਕ ਰਾਜ
ਕਿਸ ਤਰ੍ਹਾਂ ਦੀ ਆਜ਼ਾਦੀ ਹੈ
ਗੁਦਾਮਾਂ ਵਿਚ ਸੜ ਰਿਹਾ ਹੈ ਅਨਾਜ
ਪਰ ਕਰੋੜਾਂ ਲੋਕਾਂ ਨੂੰ
ਦੋ ਡੰਗ ਰਜਵੀਂ ਰੋਟੀ ਵੀ
ਨਹੀਂ ਹੁੰਦੀ ਨਸੀਬ
ਕਪੜੇ ਦਾ ਕੋਈ ਅੰਤ ਨਹੀਂ
ਪਰ ਅਣਗਿਣਤ ਔਰਤਾਂ ਨੂੰ
ਤਨ ਢੱਕਣ ਲਈ
ਕੋਈ ਕਪੜਾ ਨਹੀਂ ਮਿਲਦਾ
ਆਲੀਸ਼ਾਨ ਕੋਠੀਆਂ,
ਅੰਬਰਾਂ ਨੂੰ ਛੂਹੰਦੀਆਂ ਇਮਾਰਤਾਂ
ਤਿੰਨ ਤਾਰਾ, ਪੰਜ ਤਾਰਾ ਹੋਟਲਾਂ ਦੀ ਗਿਣਤੀ
ਦਿਨੋ ਦਿਨ ਵਧ ਰਹੀ ਹੈ
ਪਰ ਗੰਦੀਆਂ ਬਸਤੀਆਂ ਵਿਚ
ਬੇਅੰਤ ਲੋਕ ਕੁਰਬਲ ਕੁਰਬਲ ਕਰ ਰਹੇ ਨੇ
ਇਨ੍ਹਾਂ ਤੋਂ ਵੀ ਬਦਨਸੀਬ ਹਨ
ਉਹ ਲੱਖਾਂ ਕਰੋੜਾਂ
ਜਿਨ੍ਹਾਂ ਦੇ ਸਿਰਾਂ 'ਤੇ ਕੋਈ ਛੱਤ ਨਹੀਂ
ਕੜਾਕੇ ਦੀ ਠੰਡ ਪਾਲੇ ਵਿਚ ਵੀ
ਜੋ ਰਾਤਾਂ ਨੂੰ ਪਏ ਰਹਿੰਦੇ ਨੇ ਫੁੱਟ ਪਾਥਾਂ 'ਤੇ
ਜਾਂ ਪੁੱਲਾਂ ਹੇਠ ਸਟੇਸ਼ਨਾਂ ਅੱਡਿਆਂ ਤੇ

ਛੱਜਿਆਂ ਥੱਲੇ
ਛਾਤੀ ਨਾਲ ਗੋਡੇ ਲਾ
ਫਟੀ ਪੁਰਾਣੀ ਚਾਦਰ ਵਿਚ
ਪਰ ਮੇਰੇ ਦੇਸ਼ ਦੇ ਦੰਭੀ ਭ੍ਰਿਸ਼ਟ ਲੀਡਰ
ਕਰ ਰਹੇ ਨੇ ਮੌਜਾਂ
ਦੇ ਰਹੇ ਨੇ ਦੇਸ਼ ਦੀ ਤਰੱਕੀ
ਤੇ ਖੁਸ਼ਹਾਲੀ ਦੇ ਫੋਕੇ ਬਿਆਨ
ਭਰ ਰਹੇ ਨੇ ਆਪਣੇ ਵਿਦੇਸ਼ੀ ਬੈਂਕਾਂ ਦੇ ਖਾਤੇ
ਜਿਨ੍ਹਾਂ ਦੀਆਂ ਵੋਟਾਂ ਸਦਕੇ
ਉਹ ਰਾਜ ਸੱਤਾ 'ਚ ਆਏ ਨੇ
ਉਹ ਭੁੱਖੇ ਮਰ ਰਹੇ ਨੇ
ਪਾਲੇ ਠਰ ਰਹੇ ਨੇ
ਧੁੱਪ ਵਿਚ ਸੜ ਰਹੇ ਨੇ
ਮੰਦਹਾਲੀ ਗਰੀਬੀ ਦੀ ਚੱਕੀ ਵਿਚ
ਪਿਸ ਰਹੇ ਨੇ ਉਹ ਤੇ ਉਹਨਾਂ ਦੇ ਜੀਅ
ਪਰ ਲੀਡਰਾਂ ਨੂੰ ਇਹਨਾਂ ਨਾਲ ਕੀ
ਇਹਨਾਂ ਨੂੰ ਤਾਂ ਫਿਕਰ ਹੈ
ਸਰਮਾਏਦਾਰਾਂ ਦੇ ਹੱਕਾਂ ਦਾ
ਜਿਨ੍ਹਾਂ ਤੋਂ ਮਿਲਦੇ ਨੇ ਇਹਨਾਂ ਨੂੰ ਕਰੋੜਾਂ ਰੁਪਏ
ਚੋਣਾਂ ਸਮੇਂ
ਲੋਕਾਂ ਨੂੰ ਮਾਈ ਬਾਪ ਕਹਿ
ਸਬਜ਼ ਬਾਗ਼ ਦਿਖਾ ਲਾਰੇ ਲਾ
ਜ਼ਾਤਾਂ ਧਰਮਾਂ ਦੇ ਨਾਂ ਤੇ
ਆਪਸ ਵਿਚ ਲੜਾ
ਪੈਸੇ ਨਸ਼ਿਆਂ ਨਾਲ ਭਰਮਾ

ਜੇ ਕੁਝ ਹੋਰ ਨਾ ਚਲੇ ਤਾਂ
ਲਾਠੀ ਗੋਲੀ ਨਾਲ ਧਮਕਾ
ਲੀਡਰ ਤਾਂ ਵੋਟਾਂ ਹਥਿਆਉਂਣੀਆਂ ਜਾਣਦੇ ਹਨ
ਕੁਰਬਾਨੀ ਦੇਸ਼ ਸੇਵਾ ਲੋਕ ਸੇਵਾ ਨੂੰ
ਨੀਚ ਸਿਆਸਤਦਾਨਾਂ ਦਫ਼ਨਾ ਦਿਤਾ ਹੈ
ਡੂੰਘੀ ਕਬਰ ਵਿਚ
ਤੇ ਬਣਾ ਦਿਤਾ ਹੈ ਸਿਆਸਤ ਨੂੰ
ਖੁਲ੍ਹ ਕੇ ਲੁੱਟਣ ਦਾ ਜਾਇਜ਼ ਧੰਦਾ
ਜਿਸ ਦੇ ਤੰਦੂਏ ਜਾਲ ਦੀ ਜੱਕੜ ਵਿਚ
ਆ ਚੁਕਾ ਹੈ ਮੇਰਾ ਦੇਸ਼
ਇਹ ਸਭ ਕੁਝ ਵੇਖ
ਨਿਰਾਸ਼ਾ ਦੇ ਹਨੇਰੇ ਵਿਚ ਜਦ ਡਿੱਗ ਪੈਂਦਾ ਹਾਂ
ਤਾਂ ਸਰਾਭਾ, ਭਗਤ, ਊਧਮ ਸਿੰਘ
ਮੈਨੂੰ ਸੁਪਨੇ 'ਚ ਆ ਕੇ ਆਖਦੇ ਨੇ
ਸ਼ਾਇਰਾ ਹਿੰਮਤ ਕਰ ਉੱਠ ਕਲਮ ਚੁੱਕ
ਅਸਲੀ ਆਜ਼ਾਦੀ ਦੀ ਲੜਾਈ
ਹੁਣ ਛੇਤੀ ਸ਼ੁਰੂ ਹੋਣ ਵਾਲੀ ਹੈ

## ਭੰਡ ਜੀ

ਗਲ ਵਿਚ ਪਾ ਕੇ ਢੋਲ ਵਜਾਓ ਭੰਡ ਜੀ।
ਆਪਣਾ ਖੁਦ ਸਨਮਾਨ ਰਚਾਓ ਭੰਡ ਜੀ।
ਰੌਣਕ ਮੇਲਾ ਲੋਕਾਂ ਦਾ ਕੱਠ ਕਰਨ ਲਈ
ਅਫਸਰ ਲੀਡਰ ਚਾਰ ਬੁਲਾਓ ਭੰਡ ਜੀ।
ਖ਼ੂਬ ਪਿਲਾ ਕੇ ਸਾਹਿਤ ਦੇ ਚਾਰ ਮਜੌਰਾਂ ਨੂੰ
ਆਪਣੀ ਉਸਤੱਤ ਖ਼ੂਬ ਕਰਾਓ ਭੰਡ ਜੀ।
ਵਾਹਵਾ, ਵਾਹਵਾ, ਵਾਹਵਾ, ਵਾਹ ਕਰਵਾਉਣ ਲਈ
ਚੇਲੇ ਚਮਚੇ ਨਾਲ ਲਿਆਓ ਭੰਡ ਜੀ।
ਆਪਣਾ ਹੀ ਚੈੱਕ ਲੈ ਕੇ ਬਗਲੇ ਲੀਡਰ ਤੋਂ
ਸਨਮਾਨਤ ਸ਼ਾਇਰ ਅਖਵਾਓ ਭੰਡ ਜੀ।
ਪੈਗੰਬਰ ਕੀ ਨਾ ਆਲਮ ਨਾ ਬੰਦੇ ਹੋ
ਹਉਮੇਂ ਦੇ ਪਰ ਟੱਲ ਖੜਕਾਓ ਭੰਡ ਜੀ।
ਵੇਖੋ ਦਾਰੂ ਕਿਹੜਾ ਮੁਫੱਤ ਪਿਲਾਉਂਦਾ ਹੈ
ਉਸ ਦੇ ਸੋਹਲੇ ਰੱਜ ਕੇ ਗਾਓ ਭੰਡ ਜੀ।
ਆਪਣੇ ਬਾਰੇ ਆਪੇ ਸਿਫ਼ਤਾਂ ਲਿਖ ਲਿਖ ਕੇ
ਹੋਰਾਂ ਦੇ ਨਾਂ ਹੇਠ ਛਪਾਓ ਭੰਡ ਜੀ।
ਆਪਣੀ ਖਾਤਿਰ ਆਪੇ ਚੰਦਾ ਲੈਣ ਲਈ
ਦਰ ਦਰ ਜਾ ਕੇ ਅਲਖ ਜਗਾਓ ਭੰਡ ਜੀ।
ਮੁਰਗੀਖਾਨੇ ਦਾ ਉਦਘਾਟਨ ਕਰਨ ਲਈ
ਕੈਂਚੀ ਫੀਤਾ ਆਪ ਲਿਆਓ ਭੰਡ ਜੀ।
ਪੱਗ ਤੁਹਾਡੀ ਲੱਥੀ ਚਾਹੇ ਸੌ ਵਾਰੀ
ਧੰਨ ਤੁਸੀਂ ਹੋ ਫਿਰ ਮੁਸਕਾਓ ਭੰਡ ਜੀ।

## ਬਾਬੇ !

ਚਿੱਟੇ ਚੋਗ਼ੇ ਪਾਂਦੇ ਬਾਬੇ।
ਕਾਲੇ ਕਰਮ ਕਮਾਂਦੇ ਬਾਬੇ।
ਸੁੰਦਰ ਏ.ਸੀ. ਕਾਰਾਂ ਵਿਚ ਬਹਿ
ਤੀਰਥ ਨ੍ਹਾਵਣ ਜਾਂਦੇ ਬਾਬੇ।
ਜੋਬਨ ਮੱਤੀਆਂ ਮੁੱਟਿਆਰਾਂ ਤੋਂ
ਆਪਣੇ ਚਰਨ ਘੁਟਾਂਦੇ ਬਾਬੇ।
ਦਰਯੋਧਨ ਜਾਂ ਭਾਗੋ ਦੇ ਘਰ
ਡੇਰਾ ਨੇ ਹੁਣ ਲਾਂਦੇ ਬਾਬੇ।
ਪੌਣ ਅਹਾਰੀ ਅਖਵਾਂਦੇ ਜੋ
ਕਾਜੂ ਗਿਰੀਆਂ ਖਾਂਦੇ ਬਾਬੇ।
ਵਿਸਕੀ ਵਾਲਾ ਕੈਂਪਾ ਪੀ ਕੇ
ਨਾਮ ਹਰੀ ਦਾ ਗਾਂਦੇ ਬਾਬੇ।
ਨਸ਼ਿਆਂ ਤੇ ਲਾ ਮੁੰਡੇ ਕੁੜੀਆਂ
ਵੇਖੋ ਚੰਨ ਚੜ੍ਹਾਂਦੇ ਬਾਬੇ।
ਸੁੱਚਾ ਰੇਸ਼ਮ ਜ਼ਰੀ ਦੀ ਜੁੱਤੀ
ਇਹ ਤਿਆਗੀ ਨੇ ਪਾਂਦੇ ਬਾਬੇ।

ਮਾਇਆ ਨੂੰ ਜੋ ਕਹਿਣ ਨਾਗਣੀ
ਮਾਇਆ ਤੇ ਮਰ ਜਾਂਦੇ ਬਾਬੇ।
ਹਲਵਾ ਪੂਰੀ ਮੁਰਗਾ ਮੱਛੀ
ਭੋਰੇ ਬਹਿ ਛੱਕ ਜਾਂਦੇ ਬਾਬੇ।
ਟੋਟੇ ਟੋਟੇ ਰੱਬ ਦੇ ਕਰ ਕੇ
ਫਿਰਕੂ ਅੱਗ ਲਗਾਂਦੇ ਬਾਬੇ।
ਆਪਣੇ ਇਕ ਇਸ਼ਾਰੇ ਉਤੇ
ਲੀਡਰ ਕਈ ਨਚਾਂਦੇ ਬਾਬੇ।
ਰੋਜ਼ ਗੋਪੀਆਂ ਦਾ ਸੰਗ ਮਾਨਣ
ਬ੍ਰਹਿਮਚਾਰੀ ਅਖਵਾਂਦੇ ਬਾਬੇ।
ਕਹਿੰਦੇ ਨੇ ਜੋ ਕਰੋ ਸ਼ਾਂਤੀ
ਦੰਗੇ ਆਪ ਕਰਾਂਦੇ ਬਾਬੇ।
ਕਾਤਿਲ ਚੋਰਾਂ ਗੁੰਡਿਆਂ ਦੇ ਸੰਗ
ਯਾਰੀ ਖੂਬ ਨਿਭਾਂਦੇ ਬਾਬੇ।
ਸਾਰੇ ਪੁੱਠੇ ਕਾਰੇ ਕਰਦੇ
ਫਿਰ ਵੀ ਨੇ ਅਖਵਾਂਦੇ ਬਾਬੇ।

## ਅਫ਼ਸਰ

ਮੰਤਰੀਆਂ ਦੇ ਅੱਗੇ ਪਿੱਛੇ ਸਰ, ਸਰ,ਸਰ ਜੋ ਕਰਦੇ ਅਫ਼ਸਰ।
ਲੋਕਾਂ ਅਤੇ ਮਾਤਹਿਤਾਂ ਉੱਤੇ ਅੱਗ ਵਾਂਗੂੰ ਨੇ ਵਰ੍ਹਦੇ ਅਫ਼ਸਰ।
ਦਫ਼ਤਰ ਵਿਚ ਜੋ ਬੱਬਰ ਸ਼ੇਰ ਦੇ ਵਾਂਗ ਨੇ ਆਪਣੀ ਧੌਂਸ ਜਮਾਂਦੇ
ਘਰ ਵਿਚ ਭਿੱਜੀ ਬਿੱਲੀ ਵਾਂਗ ਉਹ ਬੀਵੀ ਤੋਂ ਨੇ ਡਰਦੇ ਅਫ਼ਸਰ।
ਮੁਰਗੇ ਮੱਛੀ ਅੰਡੇ ਵਿਸਕੀ ਨਾਲ ਜਦੋਂ ਢਿੱਡ ਭਰ ਜਾਂਦਾ ਹੈ
ਚੂਰਨ ਸਮਝ ਕੇ ਨੋਟਾਂ ਦੇ ਫਿਰ, ਬੰਡਲ ਵੀ ਨੇ ਚਰਦੇ ਅਫ਼ਸਰ।
ਲੋਕ ਭਲਾਈ ਦੇਸ਼ ਉਸਾਰੀ ਦਾ ਕੰਮ ਜਿਹੜਾ ਮਰਜ਼ੀ ਹੋਵੇ
ਸਭ ਤੋਂ ਪਹਿਲਾਂ ਉਸ ਦੇ ਵਿਚੋਂ ਆਪਣਾ ਪੇਟ ਨੇ ਭਰਦੇ ਅਫ਼ਸਰ।
ਦਫ਼ਤਰ ਦਾ ਵਧੀਆ ਫਰਨੀਚਰ ਇਹਨਾਂ ਦੇ ਘਰ ਪੁੱਜ ਜਾਂਦਾ ਹੈ
ਫਿਰ ਜੇ ਕਸਰ ਕੋਈ ਰਹਿ ਜਾਵੇ ਲੈ ਜਾਂਦੇ ਨੇ ਪਰਦੇ ਅਫ਼ਸਰ।
ਲਾਹੇਵੰਦੀ ਪੋਸਟ ਉੱਤੋਂ ਕਿਧਰੇ ਬਦਲੀ ਹੋ ਨਾ ਜਾਏ
ਦੁੱਕੀ ਤਿੱਕੀ ਲੀਡਰ ਦਾ ਵੀ ਪਾਣੀ ਨੇ ਸਭ ਭਰਦੇ ਅਫ਼ਸਰ।
ਹੋਵੇ ਜੇ ਸਟੈਨੋ ਸੋਹਣੀ ਆਪਣੀ ਹਵਸ ਮਿਟਾਣ ਦੀ ਖਾਤਿਰ
ਬੇਸ਼ਰਮੀ ਦਾ ਗੰਦਾ ਨਾਲਾ ਹਰ ਹੀਲੇ ਨੇ ਤਰਦੇ ਅਫ਼ਸਰ।

## ਲੀਡਰ

ਦਿਲ ਦੇ ਨੇ ਜੋ ਕਾਲੇ ਲੀਡਰ।
ਕਰਦੇ ਘਾਲੇ ਮਾਲੇ ਲੀਡਰ।
ਕੁਰਸੀ ਦੌਲਤ ਸ਼ੁੱਹਰਤ ਪਿੱਛੇ
ਭੱਜੇ ਫਿਰਦੇ ਬਾਹਲੇ ਲੀਡਰ।
ਕਰਤੂਤਾਂ ਤੇ ਪਰਦਾ ਪਾ ਕੇ
ਕਰਦੇ ਬਹੁਤ ਵਿਖਾਲੇ ਲੀਡਰ।
ਸਾਨੂੰ ਲੁੱਟ ਲੁੱਟ ਖਾਈ ਜਾਂਦੇ
ਸਾਡੇ ਹੀ ਰਖਵਾਲੇ ਲੀਡਰ।
ਮੱਛਰਾਂ ਵਾਂਗੂੰ ਘੂੰ ਘੂੰ ਕਰਦੇ
ਏਨੇ ਕੌਣ ਸੰਭਾਲੇ ਲੀਡਰ।
ਸੱਚੀ ਗਲ ਜੇ ਕਹਿਣੀ ਹੋਵੇ
ਲਾਉਂਦੇ ਮੂੰਹ ਨੂੰ ਤਾਲੇ ਲੀਡਰ।
ਮਾਲ ਪਰਾਇਆ ਛੱਕ ਜਾਂਦੇ ਨੇ
ਬਣ ਕੇ ਭੋਲੇ ਭਾਲੇ ਲੀਡਰ।
ਦੇਸ਼ ਦੀ ਕਿਸਮਤ ਸੰਵਰੇਗੀ ਤਦ
ਲਹਿ ਜਾਵਣ ਜੇ ਜਾਲੇ ਲੀਡਰ।

## ਚਮਚੇ

ਹਰ ਲੀਡਰ ਦੇ ਅੱਗੇ ਪਿੱਛੇ,
ਆਪੇ ਨੇ ਜੁੜ ਜਾਂਦੇ ਚਮਚੇ।
ਝਿੜਕਾਂ ਖਾ ਕੇ ਪੱਤ ਲੁਹਾ ਕੇ
ਫਿਰ ਵੀ ਨੇ ਮੁਸਕਾਂਦੇ ਚਮਚੇ।
ਸ਼ਰਮ ਹਯਾ ਸਭ ਵੇਚੀ ਜਿੰਨ੍ਹਾਂ
ਉਹ ਨੇ ਕਦ ਸ਼ਰਮਾਂਦੇ ਚਮਚੇ।
ਝੂਠੀਆਂ ਸਿਫਤਾਂ ਦੇ ਪੁੱਲ ਬੰਨ ਕੇ
ਆਪਣਾ ਕੰਮ ਕਰਵਾਂਦੇ ਚਮਚੇ।
ਨੇਤਾ ਜੀ ਦਾ ਨਾਮ ਵੇਚ ਕੇ
ਆਪਣੇ ਮਹਿਲ ਬਣਾਂਦੇ ਚਮਚੇ।
ਜਿਸ ਲੀਡਰ ਦੀ ਗੁੱਡੀ ਚੜ੍ਹਦੀ
ਓਸੇ ਦੇ ਬਣ ਜਾਂਦੇ ਚਮਚੇ।
ਜਿਸ ਦਾ ਸੂਰਜ ਡੁੱਬਣ ਲਗੇ
ਉਸ ਕੋਲੋਂ ਨਸ ਜਾਂਦੇ ਚਮਚੇ।
ਚਿੱਟੇ, ਨੀਲੇ, ਲਾਲ ਗੇਰੂਏ
ਸਾਰੇ ਰੰਗ ਵਟਾਂਦੇ ਚਮਚੇ।

# ਨੇਤਾ

ਸਾਡੇ ਕਿੰਨੇ ਚੰਗੇ ਨੇਤਾ।
ਕਰਵਾਉਂਦੇ ਨੇ ਦੰਗੇ ਨੇਤਾ।
ਬੇੜਾ ਗਰਕ ਦੇਸ਼ ਦਾ ਕਰਦੇ
ਅਪਰਾਧੀ ਬੇਢੰਗੇ ਨੇਤਾ।
ਪਾਪ ਭ੍ਰਿਸ਼ਟਾਚਾਰ 'ਚ ਲਿੱਬੜੇ
ਕਰਦੇ ਹਰ ਹਰ ਗੰਗੇ ਨੇਤਾ।
ਨੀਲੇ ਚਿੱਟੇ ਅਤੇ ਗੇਰੂਏ
ਅੰਦਰੋਂ ਇਕੋ ਨੰਗੇ ਨੇਤਾ।
ਕੰਮ ਕੋਈ ਨਾ ਸਿੱਧਾ ਕਰਦੇ
ਲੈਂਦੇ ਪੁੱਠੇ ਪੰਗੇ ਨੇਤਾ।
ਵੋਟਾਂ ਖਾਤਿਰ ਨੋਟਾਂ ਖਾਤਿਰ
ਮਰਵਾਉਂਦੇ ਨੇ ਬੰਦੇ ਨੇਤਾ
ਭੋਲੇ ਪੰਛੀ ਫੜਣ ਵਾਸਤੇ
ਲਾਉਂਦੇ ਥਾਂ ਥਾਂ ਫੰਦੇ ਨੇਤਾ।
ਜੈ ਜੈ ਕਾਰ ਝੂਠ ਦੀ ਕਰਦੇ
ਸੱਚ ਨੂੰ ਲਾਉਂਦੇ ਜੰਦੇ ਨੇਤਾ।
ਹੇਰਾ ਫੇਰੀ ਤੇ ਬਈਮਾਨੀ
ਕਰਨ ਸੁਨਹਿਰੀ ਧੰਦੇ ਨੇਤਾ।

## ਜਦ ਕਿਧਰੇ ਵੀ ਬੰਬ ਡਿਗਦਾ ਹੈ

ਜਦ ਕਿਧਰੇ ਵੀ ਬੰਬ ਡਿਗਦਾ ਹੈ !
ਜਦ ਕਿਧਰੇ ਵੀ ਬੰਬ ਫਟਦਾ ਹੈ
ਮੈਨੂੰ ਜਾਪੇ ਹਰ ਵਾਰੀ ਹੀ
ਮੇਰੇ ਘਰ ਦੇ ਮਲਬੇ ਹੇਠਾਂ
ਮੇਰਾ ਹੀ ਪਰਿਵਾਰ ਹੈ ਸਾਰਾ
ਦਬਿਆ ਜਾਂਦਾ
ਮੇਰੀਆਂ ਰੀਝਾਂ, ਮੇਰੇ ਸੁਪਨੇ
ਮੇਰੇ ਬੱਚੇ, ਫ਼ੁੱਲ ਗੁਲਾਬੀ
ਵਿੰਨ੍ਹੇ ਜਾਂਦੇ, ਝੁਲਸੇ ਜਾਂਦੇ
ਹਾਸੇ ਵੰਡਦੀ, ਮਹਿਕਾਂ ਵੰਡਦੀ
ਪਤਨੀ ਮੇਰੀ
ਪਲ ਹੀ ਪਲ ਵਿਚ
ਤੂੰਬਾ ਤੂੰਬਾ ਹੋ ਜਾਂਦੀ ਹੈ
ਜ਼ਖਮੀਂ ਹੋਇਆ
ਪੀੜਾਂ ਨਾਲ ਕਰ੍ਹਾਉਂਦਾ ਜਦ ਮੈਂ
ਪਾਣੀ ਦੀ ਇਕ ਘੁੱਟ ਮੰਗਦਾ ਹਾਂ
ਮੇਰੇ ਬੱਚਿਆਂ ਦੀ ਰੱਤ ਵਗਦੀ
ਮੇਰੇ ਹੋਠੀਂ ਆ ਲਗਦੀ ਹੈ

ਜਦ ਕਿਧਰੇ ਵੀ
ਬੰਬ ਡਿਗਦਾ ਹੈ ਬੰਬ ਫਟਦਾ ਹੈ,
ਮੈਨੂੰ ਜਾਪੇ ਹਰ ਵਾਰੀ ਹੀ
ਮੇਰਾ ਹੀ ਤਾਂ ਘਰ ਸੜਦਾ ਹੈ
ਮੇਰੇ ਹੀ ਤਾਂ ਅੰਮਾਂ ਜਾਏ
ਮੌਤ ਦੀ ਭੱਠੀ ਵਿਚ ਸੜਦੇ ਨੇ
ਜ਼ਹਿਰੀ ਕਿਰਚਾਂ ਮੇਰਾ ਸੀਨਾ
ਛਲਣੀ, ਛਲਣੀ ਕਰ ਦਿੰਦੀਆਂ ਨੇ
ਜਦ ਕਿਧਰੇ ਵੀ
ਬੰਬ ਡਿੱਗਦਾ ਹੈ, ਬੰਬ ਫਟਦਾ ਹੈ
ਮੇਰੀ ਹੀ ਫੁਲਵਾੜੀ ਤਾਈਂ
ਅੱਗ ਲਗਦੀ ਹੈ
ਇਹ ਤਨ ਮੇਰਾ, ਇਹ ਮਨ ਮੇਰਾ
ਖੇਰੂੰ ਖੇਰੂੰ ਹੋ ਜਾਂਦਾ ਹੈ
ਜਦ ਕਿਧਰੇ ਵੀ
ਬੰਬ ਡਿਗਦਾ ਹੈ, ਬੰਬ ਫਟਦਾ ਹੈ
ਹਰ ਇਕ ਮਾਂ ਦੀ
ਮਮਤਾ ਦਾ ਉਹ ਰੁੱਗ ਭਰਦਾ ਹੈ
ਅਮਨ, ਮੁਹੱਬਤ ਖ਼ੁਸ਼ਹਾਲੀ ਦਾ
ਹਰ ਸੱਜਰਾ ਸੁਪਨਾ ਸੜਦਾ ਹੈ।

## ਜਦ ਕਿਧਰੇ ਵੀ ਜੰਗ ਛਿੜਦੀ ਹੈ !

ਜਦ ਕਿਧਰੇ ਵੀ ਜੰਗ ਛਿੜਦੀ ਹੈ
ਅੰਬਰ ਵਿਚੋਂ ਅੱਗ ਵਰ੍ਹਦੀ ਹੈ
ਮੇਰੇ ਸੀਨੇ ਖੁੱਭਣ ਸੰਗੀਨਾਂ
ਮੇਰੀ ਛਾਤੀ ਬਣੇ ਛਾਨਣੀ
ਮੇਰਾ ਧੜ ਕਿਧਰੇ ਰੁਲਦਾ ਹੈ
ਅਤੇ ਖੋਪਰੀ ਭਾਰੇ ਫੌਜੀ
ਬੂਟਾਂ ਹੇਠ ਹੈ ਦਰੜੀ ਜਾਂਦੀ
ਜਦ ਕਿਧਰੇ ਵੀ ਜੰਗ ਛਿੜਦੀ ਹੈ
ਮੈਨੂੰ ਜਾਪੇ
ਮੇਰੀ ਮਾਂ ਦੁਹੱਥੜੀਂ ਪਿੱਟੇ
ਆਪਣੇ ਢਿੱਡ ਵਿਚ ਮੁਕੀਆ ਮਾਰੇ
ਮੇਰੇ ਬੁੱਢੇ ਬਾਪੂ ਤਾਈਂ
ਕੋਈ ਡੰਗੋਰੀ ਨਜ਼ਰ ਨਾ ਆਏ
ਢਾਹਾਂ ਮਾਰੇ ਉਹ ਕੁਰਲਾਏ
ਮੇਰੀ ਪਤਨੀ ਵਾਲਾਂ ਨੂੰ ਖੋਹ
ਭੰਨ ਚੂੜੀਆਂ ਟਕਰਾਂ ਮਾਰੇ
ਤੇ ਬੱਚਿਆਂ ਦੇ ਸੁਪਨ ਸੁਹਾਣੇ

ਸਭ ਟੁੱਟ ਜਾਵਣ ਸਭ ਲੁੱਟ ਜਾਵਣ
ਜਦ ਕਿਧਰੇ ਵੀ ਜੰਗ ਛਿੜਦੀ ਹੈ
ਮੈਨੂੰ ਜਾਪੇ-
ਮੇਰਾ ਆਪਾ ਵਿੰਨਿਆਂ ਜਾਏ
ਮੇਰੀਆਂ ਧੀਆਂ ਤੇ ਭੈਣਾਂ ਦੀ
ਅਸਮਤ ਹੀ ਤਾਂ ਲੁੱਟੀ ਜਾਏ
ਮੇਰੇ ਹੀ ਫੁੱਲ ਕਲੀਆਂ ਵਿੰਨ੍ਹ ਕੇ
ਜੰਗੀ ਜੇਤੂ ਦੈਤਾਂ ਖਾਤਿਰ
ਜਾਂਦੇ ਨੇ ਸਭ ਹਾਰ ਬਣਾਏ
ਖੇਤ ਮੇਰੇ ਬਾਰੂਦ ਜਲਾਏ
ਪੌਣਾਂ ਦੇ ਵਿਚ ਜ਼ਹਿਰ ਮਿਲਾਏ
ਦਰਿਆਵਾਂ ਦੇ ਅੰਮ੍ਰਿਤ ਵਰਗੇ
ਮਿੱਠੇ ਪਾਣੀ ਚਿੱਟੇ ਪਾਣੀ
ਮੇਰੇ ਅੰਮਾਂ ਜਾਇਆਂ ਦੀ ਰੱਤ
ਖ਼ੂਨੀ ਅਤੇ ਸੜ੍ਹਾਂਦ ਬਣਾਏ
ਚਾਰੇ ਪਾਸੇ ਮਾਤਮ ਛਾਏ
ਜਦ ਕਿਧਰੇ ਵੀ ਜੰਗ ਛਿੜਦੀ ਹੈ
ਹਰ ਬੰਦੇ ਦੀ ਰੂਹ ਕੁਰਲਾਏ।

# ਅਸੀਂ ਕਿੰਨੇ ਸੱਭਿਅਕ ਹੋ ਗਏ ਹਾਂ ?

ਅਸੀਂ ਕਿੰਨੇ ਸੱਭਿਅਕ ਹੋ ਗਏ ਹਾਂ
ਕਿ ਆਪਣੇ ਹੱਥੀਂ ਆਪਣੀ ਚਿਖਾ
ਹਰ ਰੋਜ਼ ਆਪੇ ਚਿਣਦੇ ਤੇ ਆਪੇ ਬਾਲਦੇ ਹਾਂ
ਤੇ ਆਪਣੀਆਂ ਕਬਰਾਂ ਵੀ ਹੁਣ ਆਪ ਪੁੱਟਦੇ ਹਾਂ
ਪੁਲਾੜੀ ਯੁੱਗ ਦੇ
ਸਰਵ ਸਰੇਸ਼ਟ ਧਰਮੀ ਮਾਨਵ ਅਸੀਂ
ਜੇ ਏਦਾਂ ਹੀ ਤਰੱਕੀ ਕਰਦੇ ਗਏ
ਤਾਂ ਨਿਸਚੇ ਹੀ ਇਕ ਦਿਨ ਹਰ ਘਰ
ਸ਼ਮਸ਼ਾਨ ਕਬਰਸਤਾਨ ਦੇ ਵਿਚ ਬਦਲ ਦੇਵਾਂਗੇ
ਵਿਸ਼ਵ ਅਮਨ ਦੇ ਸਿੱਧੜ ਸਮਰਥਕ ਭਲਾ
ਜੰਗ ਦੀਆਂ ਲਾਸਾਨੀ ਬਰਕਤਾਂ ਨੂੰ
ਕਿੱਦਾਂ ਸਮਝ ਸਕਦੇ ਨੇ
ਜੰਗ, ਲੜਾਈ ਤੋਂ ਬਿਨਾਂ
ਮਾਰੂ ਹੱਥਿਆਰਾਂ ਦੀਆਂ ਫੈਕਟਰੀਆਂ ਵਿਚ
ਕੰਮ ਕਰਦੇ ਕਾਮਿਆਂ ਦਾ ਕੀ ਬਣੇਗਾ
ਡਾਕਟਰ ਨਰਸਾਂ
ਰੈਡ ਕਰਾਸ ਵਾਲੇ ਵਿਚਾਰੇ ਕੀ ਕਰਨਗੇ
ਅੰਗਹੀਣਾਂ ਯਤੀਮਾਂ ਭੁੱਖਿਆਂ ਬਿਨ
ਸਾਡੇ ਸਮਾਜ ਸੇਵਕਾਂ, ਲੀਡਰਾਂ
ਅਫਸਰਾਂ, ਅਮੀਰਾਂ ਤੇ ਉਹਨਾਂ ਦੀਆਂ
ਵਿਹਲੜ ਪਤਨੀਆਂ ਦਾ ਕੀ ਬਣੇਗਾ
ਅਸੀਂ ਕਰੋੜਾਂ ਰੁਪਏ
ਮਾਨਵ ਸੇਵਾ ਸੰਸਥਾਵਾਂ ਤੇ

ਐਵੇਂ ਤਾਂ ਨਹੀਂ ਲਾਏ
ਹਵਾਈ ਜਹਾਜ਼ ਜੇ
ਮੌਤ ਦੀ ਵਰਖਾ ਦੀ ਥਾਂ
ਸੰਜੀਵਨੀ ਬੂਟੀ ਹੀ ਲਿਆਉਣ
ਤੇ ਦੂਰੀਆਂ ਹੀ ਮੇਟਣ
ਅਤੇ ਫੈਕਟਰੀਆਂ ਪ੍ਰਯੋਗਸ਼ਾਲਾਵਾਂ 'ਚ ਜੇ
ਜਰਾਸੀਮਾਂ ਵਿਸ਼ ਭਰੇ
ਨੈਪਾਲਮ, ਨਿਊਟਰਾਮ
ਐਟਮੀਂ ਬੰਬਾਂ ਦੀ ਥਾਂ
ਬੱਚਿਆਂ ਦੇ ਖਿਡਾਉਣੇ, ਪੌਸ਼ਟਕ ਪਦਾਰਥ
ਪੀੜਾ ਨਿਵਾਰਕ, ਜੀਵਨ ਰਖਿਅਕ
ਦਵਾਈਆਂ ਹੀ ਬਨਣ
ਤੇ ਜੇ ਅਖਬਾਰਾਂ ਪਰਚਿਆਂ
ਟੀ.ਵੀ. ਰੇਡੀਓ ਰਾਹੀਂ
ਫਿਰਕਾ ਪ੍ਰਸਤੀ ਜੰਗ ਨਫਰਤ ਦੀ ਥਾਂ
ਅਮਨ ਦੋਸਤੀ ਮੁਹੱਬਤ ਸਭ ਦੇ ਭਲੇ ਦੀ
ਸੱਚੇ ਦਿਲੋਂ
ਬਿਨਾਂ ਵਲ ਛਲ ਦੇ ਗਲ ਹੋਵੇ
ਤੇ ਨਿਰਦੋਸ਼ਾਂ ਮਾਸੂਮਾਂ ਦਾ ਲਹੂ ਡੁਲਣਾ
ਹਰ ਥਾਂ ਬੰਦ ਹੋ ਜਾਵੇ
ਤੇ ਬਾਗਾਂ ਪਾਰਕਾਂ
ਘਰਾਂ ਦੇ ਵਿਹੜਿਆਂ ਵਿਚ ਫਿਰ
ਸੂਹੇ ਗੁਲਾਬੀ, ਪੀਲੇ ਚਿੱਟੇ
ਕਾਸ਼ਨੀ ਅਨਾਬੀ
ਖਿੜੇ ਫੁੱਲਾਂ ਦੀ ਰੁੱਤ ਪਰਤ ਆਏ
ਤੇ ਮਿੱਠੇ ਰਸੀਲੇ ਫਲਾਂ ਲਦੀਆਂ
ਰੁੱਖਾਂ ਦੀਆਂ ਡਾਲੀਆਂ ਝੂਮਣ

ਤੇ ਜੇ ਖੇਤਾਂ ਵਿਚ ਹਰ ਸਾਲ ਹਰ ਥਾਂ
ਕਣਕਾਂ ਦੀਆਂ ਬੱਲੀਆਂ
ਸੁਨਹਿਰੀ ਛਲੀਆਂ
ਬਾਸਮਤੀ ਦੀ ਮਹਿਕ
ਚਿੱਟੀਆਂ ਕਪਾਹਾਂ
ਸਰੋਂ ਦੀਆਂ ਗੰਦਲਾਂ, ਗੰਨੇ
ਆਪਣੀ ਆਪਣੀ ਰੁੱਤੀਂ
ਝੁਮਰ ਪਾਉਣ ਲਗ ਪੈਣ
ਤਾਂ ਗ਼ਜ਼ਬ ਹੋ ਜਾਏਗਾ
ਫਿਰ ਤਾਂ ਸਾਡੇ
ਜੰਗ ਨਫਰਤ ਦੰਭ
ਬਈਮਾਨੀ ਦੇ ਸਾਰੇ ਮਹਿਲ
ਢਹਿ ਜਾਣਗੇ
ਪਰ ਅੱਜ ਦੇ ਸਭਿਅੱਕ ਮਾਨਵ ਅਸੀਂ
ਅਜਿਹਾ ਕਦੀ ਨਹੀਂ ਹੋਣ ਦੇਵਾਂਗੇ
ਅਜੇ ਹੁਣੇ ਤਾਂ ਅਸੀਂ
ਆਪਣੇ ਹਮਸਾਇਆਂ ਦੇ ਲਹੂ ਦੀ
ਹੋਲੀ ਖੇਡਣ ਦੀ ਜਾਚ ਸਿਖੀ ਹੈ
ਅਸੱਭਿਅਕ ਜੰਗਲੀ ਮਾਨਵ ਤਾਂ
ਪਸ਼ੂਆਂ ਬੰਦਿਆਂ ਦੀ ਬਲੀ ਦੇ ਕੇ
ਨੱਚ ਗਾ ਦੇਵੀ ਦੇਵਤੇ ਪ੍ਰਸੰਨ ਕਰਦਾ ਸੀ
ਪਰ ਅਸੀਂ ਤਾਂ ਜਾਦੂ ਟੂਣਿਆਂ
ਵਹਿਮਾਂ ਭਰਮਾਂ 'ਚ ਵਿਸ਼ਵਾਸ ਨਹੀਂ ਰਖਦੇ
ਮਨੁੱਖੀ ਸਭਿਅੱਤਾ ਦੀ ਟੀਸੀ ਤੇ ਪਹੁੰਚੇ ਅਸੀਂ
ਰਾਜ ਸੱਤਾ ਦੀ ਖਾਤਿਰ
ਧਰਮ ਜਾਂ ਬੋਲੀ ਦੇ ਨਾਂ ਤੇ
ਜਾਂ ਮੁਨਾਫੇ ਵਾਸਤੇ

ਹਜ਼ਾਰਾਂ ਦੀ ਬਲੀ ਦੇ ਕੇ ਵੀ
ਭਾਫ ਨਹੀਂ ਕਢਦੇ
ਤੇ ਹੁਣ ਤਾਂ ਰੱਬ ਵੀ
ਸਾਡਾ ਕੀ ਵਿਗਾੜ ਸਕਦਾ ਹੈ
ਉਹ ਤਾਂ ਆਪ ਸਾਡੇ ਅਹਿਸਾਨਾਂ ਹੇਠ
ਦੱਬਿਆ ਪਿਆ ਹੈ
ਮੀਂਹ ਝੱਖੜ ਹਨੇਰੀ
ਧੁੱਪ ਪਾਲੇ ਤੋਂ ਬਚਾ ਕੇ
ਅਸੀਂ ਹੀ ਉਸ ਨੂੰ
ਵਿਸ਼ਾਲ ਭਵਨਾਂ 'ਚ ਥਾਂ ਦਿਤੀ ਹੈ
ਤੇ ਹੁਣ ਕਦੀ ਉਸ
ਆਪਣੀ ਇਸ ਸ਼ਾਹੀ ਕੈਦ 'ਚੋਂ
ਬਾਹਰ ਆਉਣ ਦੀ
ਕੋਈ ਕੋਸ਼ਿਸ਼ ਨਹੀਂ ਕੀਤੀ
ਕਦੀ ਦਵਾਰ ਨਹੀਂ ਤੋੜੇ
ਕਦੀ ਕੋਈ ਕੰਧ ਨਹੀਂ ਟੱਪੀ
ਉਹ ਅਜਿਹਾ ਕਿਉਂ ਕਰੇ
ਭਗਵਾਨ ਦਾ ਕੋਈ ਸਿਰ ਤਾਂ ਨਹੀਂ ਫਿਰਿਆ
ਛੱਤੀ ਪ੍ਰਕਾਰ ਦੇ ਭੋਜਨਾਂ ਦਾ ਉਸ ਨੂੰ
ਦੋ ਵੇਲੇ ਰੋਜ਼ਾਨਾ ਭੋਗ ਲਗਦਾ ਹੈ
ਫੁੱਲਾਂ ਦੇ ਹਾਰ ਪੈਂਦੇ ਨੇ
ਚੰਦਨ ਦੀ ਧੂਫ ਧੁੱਖਦੀ ਹੈ
ਯੋਗ ਸਾਧਨਾ ਤੇ ਗਿਆਨ ਤੋਂ
ਅਸੀਂ ਕੀ ਲੈਣਾ ਹੈ
ਵਿਸਕੀ ਤੇ ਬਲਿਊ ਫਿਲਮਾਂ ਹੀ
ਦਿਨ ਭਰ ਦੀ ਹੇਰਾ ਫੇਰੀ ਨਾਲ ਹੋਈ
ਪਰੇਸ਼ਾਨੀ ਦੂਰ ਕਰਨ ਦਾ

ਸਾਡੇ ਸਹੀ ਮੰਤਰ ਹਨ
ਰਾਤਾਂ ਨੂੰ ਮਦਰਾ ਦੀ ਮਸਤੀ ਵਿਚ
ਨਿੰਮੇਂ ਚਾਨਣ ਤੇ ਥਿਰਕਦੇ ਸੰਗੀਤ ਵਿਚ
ਅਰਧ ਨਗਣ ਨਚਦੀਆਂ
ਯੁਵਤੀਆਂ ਨੂੰ ਵੇਖਣਾ ਵੀ
ਸਾਡੀ ਉੱਚੀ ਸਾਧਨਾ ਹੈ
ਅਸੀਂ ਅੱਜ ਦੇ ਸਭਿਅੱਕ ਮਾਨਵ
ਅਸੱਭਿਅਕ ਖੇਡਾਂ
ਬਿਲਕੁਲ ਨਹੀਂ ਹਾਂ ਖੇਡਦੇ
ਸ਼ੇਰਾਂ ਚੀਤਿਆਂ ਨੂੰ ਮਾਰਨਾ
ਝੋਟਿਆਂ ਦੇ ਸਿਰ ਵੱਢਣੇ
ਰੁੱਖਾਂ ਤੇ ਤਨਿਆਂ 'ਚੋਂ ਚੱਕਰ ਲਘਾਉਣੇ
ਹਾਥੀਆਂ ਸਾਹਨਾਂ ਦੇ ਨਾਲ ਲੜਨਾ ਵੀ
ਕਿਹੜੀ ਸੂਰਮਤਾਈ ਸੀ
ਅਸੀਂ ਤਾਂ ਪੋਲੇ ਜਿਹੇ ਜਦ ਜੀ ਕਰੇ
ਆਪਣੇ ਹੀ ਸਾਥੀ ਦੀ
ਛਾਤੀ ਜਾਂ ਪੁੜਪੜੀ ਵਿਚ
ਗੋਲੀ ਦਾਗ ਦੇਂਦੇ ਹਾਂ
ਬਸਾਂ ਗਡੀਆਂ ਜਹਾਜ਼ਾਂ ਨੂੰ ਉਡਾਉਣਾ ਵੀ
ਅਸਾਡੀ ਖੇਡ ਹੈ
ਅਸੀਂ ਰਾਮ ਲੀਲਾ ਵਾਲਿਆਂ ਵਾਂਗੂੰ
ਕਾਗਜ਼ ਦੇ ਪੁਤਲੇ ਨਹੀਂ ਫੂਕਦੇ
ਅਸੀਂ ਤਾਂ ਜਿਉਂਦੇ ਬੰਦਿਆਂ ਨੂੰ
ਸਾੜਦੇ ਹਾਂ
ਪੁਲਾੜ ਦੀ ਕਿਸੇ ਵੀ ਸਭਿਅਤਾ ਦਾ ਮਾਨਵ
ਸਾਡੀ ਰੀਸ ਕਿੰਵੇਂ ਕਰ ਸਕਦਾ ਹੈ
ਅਸੀਂ ਤਾਂ ਏਨੇ ਸਭਿਅਕ ਹੋ ਗਏ ਹਾਂ
ਕਿ ਸਾਡੇ ਪਿੱਛੋਂ ਯੁਗਾਂ ਤਕ
ਹੋਰ ਕਿਸੇ ਸਭਿਅੱਤਾ ਦੀ ਹੋਂਦ ਨਹੀਂ ਹੋਣੀ।

## ਬੌਣੇ

ਬੌਣੇ ਦੂਸਰਿਆਂ ਦੇ ਮੋਢਿਆਂ ਤੇ ਸਵਾਰ ਹੋ
ਹਰ ਰੋਜ਼ ਖ਼ੁਦ ਹੀ ਮੁਨਾਦੀ ਕਰਦੇ ਹਨ
ਕਿ ਵੇਖੋ ਅਸੀਂ ਕਿੰਨੇ ਉੱਚੇ ਹੋ ਗਏ ਹਾਂ
ਚਾਪਲੂਸੀ ਚਲਾਕੀ ਛਾਤਰਪੁਣੇ ਨਾਲ
ਇਹ ਜਿਸ ਦਾ ਵੀ ਸਹਾਰਾ ਲੈਂਦੇ ਹਨ
ਉਸੇ ਦੇ ਸਿਰ ਨੂੰ ਹੱਥ ਪਾਉਂਦੇ ਹਨ
ਉਸੇ ਦੀ ਪੱਗੜੀ ਨੂੰ ਲਾਹੁੰਦੇ ਹਨ
ਜਿਸ ਨੂੰ ਵੀ ਪੌੜੀ ਬਣਾ ਉੱਪਰ ਚੜ੍ਹਦੇ ਹਨ
ਉਸੇ ਨੂੰ ਪਰ੍ਹਾਂ ਸੁੱਟ ਦੇਣਾ ਇਨ੍ਹਾਂ ਦੀ ਫ਼ਿਤਰਤ ਹੈ
ਪਰ ਬੌਣੇ ਦਾ ਆਖ਼ਿਰ ਬੌਣੇ ਹੀ ਹੁੰਦੇ ਹਨ
ਜਦੋਂ ਇਨ੍ਹਾਂ ਨੂੰ ਚੁੱਕਣ ਵਾਲੇ
ਇਨ੍ਹਾਂ ਦੇ ਪੈਰਾਂ ਹੇਠੋਂ ਖਿਸਕ ਜਾਂਦੇ ਹਨ
ਤਾਂ ਇਹ ਫ਼ਿਰ ਧਰਤੀ 'ਤੇ ਧੜੰਮ ਡਿੱਗ ਪੈਂਦੇ ਹਨ
ਇਨ੍ਹਾਂ ਦੇ ਸਿਰਾਂ ਤੇ ਪਹਿਨੇ ਤਾਜ ਮਿੱਟੀ 'ਚ ਮਿਲ ਜਾਂਦੇ ਹਨ
ਇਨ੍ਹਾਂ ਦੇ ਚਹਿਰੇ ਇਨ੍ਹਾਂ ਦੀਆਂ ਕੀਤੀਆਂ ਕਰਤੂਤਾਂ ਦੇ
ਦਾਗ਼ਾਂ ਨਾਲ ਬਦਰੰਗ ਹੋ ਜਾਂਦੇ ਹਨ
ਪਰ ਇਹ ਬੌਣੇ ਬੜੇ ਢੀਠ ਹਨ
ਲੋਕ ਜੋ ਮਰਜ਼ੀ ਕਹਿਣ ਇਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ
ਇਹ ਫਿਰ ਕਿਸੇ ਨੂੰ ਪੌੜੀ ਦਾ ਡੰਡਾ ਬਣਾ, ਆਪਣੇ ਕੱਦ
ਉੱਚੇ ਹੋਣ ਦੀ ਮੁਨਾਦੀ ਕਰਨ ਲੱਗ ਪੈਂਦੇ ਹਨ

## ਅਜੇ ਤਾਂ

ਅਜੇ ਤਾਂ ਪਾਉਣੀ ਘੁੱਟ ਗਲਵੱਕੜੀ
ਅਜੇ ਤਾਂ ਅਸਾਂ ਨੇ ਮੁੜ ਇਕ ਹੋਣਾ।
ਅਜੇ ਤਾਂ ਧਰਤ ਕਲਾਵੇ ਲੈਣੀ
ਅਜੇ ਤਾਂ ਅਸਾਂ ਨੇ ਬ੍ਰਹਿਮੰਡ ਗਾਹੁਣਾ।
ਅਜੇ ਤਾਂ ਅਸਾਂ ਨੇ ਸੂਰਜ ਬਨਣਾ
ਅਜੇ ਤਾਂ ਅਸਾਂ ਨੇ ਚਾਨਣ ਵੰਡਣਾ
ਅਜੇ ਤਾਂ ਅਸਾਂ ਨੇ ਨ੍ਹੇਰ ਮਿਟਾਉਣਾ।
ਅਜੇ ਤਾਂ ਦੂਰ ਬੜੀ ਹੈ ਜਾਣਾ
ਅਜੇ ਤਾਂ ਔਝੜ ਪੰਧ ਮੁਕਾਣਾ
ਅਜੇ ਤਾਂ ਰਾਹ ਦੇ ਕੰਡੇ ਚੁਗਣੇ
ਅਜੇ ਤਾਂ ਮੰਜ਼ਿਲ ਨੂੰ ਹੈ ਪਾਉਣਾ।
ਅਜੇ ਤਾਂ ਖ਼ੂਨੀ ਰਾਤ ਭੁਲਾਣੀ
ਅਜੇ ਤਾਂ ਬਾਤ ਪਿਆਰ ਦੀ ਪਾਣੀ
ਅਜੇ ਤਾਂ ਦਿਲਾਂ 'ਚ ਜੋਤ ਜਗਾਉਣੀ
ਅਜੇ ਤਾਂ ਕਾਣੀ ਵੰਡ ਮੁਕਾਉਣਾ।
ਅਜੇ ਤਾਂ ਅਸਾਂ ਨੇ ਜਸ਼ਨ ਮਨਾਣੇ
ਅਜੇ ਤਾਂ ਗੀਤ ਖ਼ੁਸ਼ੀ ਦੇ ਗਾਣੇ
ਅਜੇ ਤਾਂ ਮਿਲ ਕੇ ਝੁਮਰ ਪਾਉਣਾ।
ਅਜੇ ਤਾਂ ਵੰਡਣੀ ਮਹਿਕ ਕਥੂਰੀ
ਅਜੇ ਤਾਂ ਅਸਾਂ ਮੇਟਣੀ ਦੂਰੀ
ਅਜੇ ਤਾਂ ਬੁਲ੍ਹੇ ਵਾਂਗੂ ਨੱਚਣਾ
ਅਜੇ ਤਾਂ ਘੁੰਘਟ ਅਸੀਂ ਹਟਾਉਣਾ।
ਅਜੇ ਤਾਂ ਪਾਉਣੀ ਘੁੱਟ ਗਲਵੱਕੜੀ
ਅਜੇ ਤਾਂ ਅਸਾਂ ਨੇ ਮੁੜ ਇਕ ਹੋਣਾ।

## ਦੋਸਤੀ ਦਾ ਪੁਲ

ਆ! ਆਪਾਂ ਇਕ ਪੁੱਲ ਬਣ ਜਾਈਏ
ਦੋ ਕੰਢਿਆਂ ਨੂੰ ਫੇਰ ਮਿਲਾਈਏ
ਏਧਰ ਓਧਰ
ਦੋਸਤੀਆਂ ਦੇ ਬੂਟੇ ਲਾਈਏ
ਜਿੰਨਾਂ ਉੱਤੇ
ਫੁੱਲ ਮੁਹੱਬਤ ਵਾਲੇ ਟਹਿਕਣ
ਅਤੇ ਅਮਨ ਦੀ
ਖਿੰਡ ਜਾਏ ਸਾਰੇ ਖੁਸ਼ਬੋਈ
ਮੁੱਦਤਾਂ ਹੋਈਆਂ ਆਪਣੇ ਵੱਡਿਆਂ
ਬੇਸ਼ਕ ਸਾਂਝਾ ਘਰ ਵੰਡਿਆ ਸੀ
ਐਪਰ ਅੱਜ ਵੀ
ਆਪਣਾ ਹੈ ਕਿੰਨਾ ਕੁਝ ਸਾਂਝਾ
ਨਾਨਕ ਬਾਹੂ ਬੁਲ੍ਹਾ ਸਾਂਝਾ
ਸਾਂਝਾ ਸਾਡਾ ਮਿਰਜ਼ਾ ਰਾਂਝਾ
ਸਾਂਝਾ ਸ਼ਾਹ ਹੁਸੈਨ ਨਿਮਾਣਾ
ਸਾਂਝਾ ਸਾਡਾ ਪੇਟਾ ਤਾਣਾ
ਵਾਰਸ ਤੇ ਇਕਬਾਲ ਵੀ ਸਾਂਝੇ
ਚੇਤਰ ਹਾੜ ਸਿਆਲ ਵੀ ਸਾਂਝੇ
ਗਿੱਧਾ ਭੰਗੜਾ ਤਾਲ ਵੀ ਸਾਂਝੇ
ਢੋਲੇ ਮਾਹੀਆ ਖਿਆਲ ਵੀ ਸਾਂਝੇ

ਸਾਂਝੀ ਰਾਵੀ ਅਤੇ ਝਨਾਂ
ਸਾਂਝੀ ਸਾਡੀ ਬੋਲੀ ਮਾਂ
ਆ! ਆਪਾਂ ਇਕ ਪੁੱਲ ਬਣ ਜਾਈਏ
ਦੋ ਕੰਢਿਆਂ ਨੂੰ ਫੇਰ ਮਿਲਾਈਏ
ਵਿੱਥਾਂ ਖਾਈਆਂ ਤਾਂਈਂ ਮਿਟਾਈਏ
ਜੰਗ ਨਫਰਤ ਦੇ ਬੂਟੇ ਪੁਟੀਏ
ਐਂਵੇਂ ਹੀ ਨਾ
ਇਕ ਦੂਜੇ ਸਿਰ ਦੂਸ਼ਨ ਲਾਈਏ
ਕਲਮਾਂ ਦੇ ਖੇਤਾਂ ਵਿਚ ਯਾਰਾ
ਪਿਆਰ ਬੀਜੀਏ, ਪਿਆਰ ਉਗਾਈਏ
ਏਧਰ ਓਧਰ
ਦੋਸਤੀਆਂ ਦੇ ਬੂਟੇ ਲਾਈਏ
ਜਿੰਨਾਂ ਉੱਤੇ
ਫੁੱਲ ਮੁਹੱਬਤ ਵਾਲੇ ਟਹਿਕਣ
ਅਤੇ ਅਮਨ ਦੀ
ਖਿੰਡ ਜਾਏ ਸਾਰੇ ਖੁਸ਼ਬੋਈ।

## ਨਹੁੰਆ ਤੋਂ ਟੁੱਟਿਆ ਮਾਸ !

ਮੇਰੇ ਨਾਲੋਂ ਤਾਂ ਚੰਗੇ ਹਨ
ਜੰਗਲ ਦੇ ਪੰਛੀ, ਬਦਲਾਂ ਦੇ ਟੋਟੇ
ਹਵਾ ਦੇ ਬੁਲ੍ਹੇ ਨਦੀਆਂ ਦੇ ਪਾਣੀ
ਜਿਨਾਂ ਤੇ ਕੋਈ ਬੰਦਸ਼ ਨਹੀਂ
ਕਾਸ਼! ਮੈਨੂੰ ਮਿਲ ਜਾਂਦਾ ਕਿਤੋਂ
ਬਾਪੂ ਦੀ ਸੁਣਾਈ ਬਾਤ ਵਾਲਾ
ਜਾਦੂ ਦਾ ਗਲੀਚਾ
ਜਿਸ ਤੇ ਬੈਠ ਮੈਂ ਹਵਾ 'ਚ ਉੱਡਦਾ
ਟੱਪ ਜਾਂਦਾ ਮੁਲਕਾਂ ਦੀਆਂ ਹੱਦਾਂ
ਤੇ ਪਹੁੰਚ ਜਾਂਦਾ ਉਸ ਗਰਾਂ
ਜਿਸ ਦੀਆਂ ਗਲੀਆਂ 'ਚ ਕਦੀ
ਚੰਨ-ਚਾਨਣੀਆਂ ਰਾਤਾਂ ਨੂੰ
ਖੇਡਿਆ ਕਰਦੇ ਸਾਂ ਲੁਕਣ ਮੀਟੀ
ਤੇ ਜਿਥੇ ਮੇਰੇ ਬਚਪਨ ਦੀ
ਇਕ ਹਾਨਣ ਕੁੜੀ
ਦਿਆ ਕਰਦੀ ਸੀ ਮੈਨੂੰ
ਆਪਣੀਆਂ ਬਲੌਰੀ ਵੰਗਾਂ ਦੇ ਟੋਟੇ
ਜਿਨਾਂ ਨੂੰ ਮੈਂ ਸਾਂਭ ਸਾਂਭ ਰਖਦਾ ਸਾਂ
ਹੀਰੇ ਮੋਤੀਆਂ ਵਾਂਗੂੰ
ਉਹ ਗਰਾਂ ਕਿ ਜਿਸ ਦੀਆਂ
ਪੱਕੀਆਂ ਕਿੱਕਰਾਂ ਹੇਠ ਜਾਣੋਂ
ਮਾਂ ਸੀ ਵਰਜਦੀ ਰਹਿੰਦੀ

ਪਰ ਫਿਰ ਵੀ
ਤਿੱਖੜ ਦੁਪਹਿਰੇ ਚੋਰੀ ਚੋਰੀ
ਚਲੇ ਜਾਂਦੇ ਸਾਂ ਜਿਥੇ ਧੌਲਰ ਤੇ
ਪੀਲੂ ਪੱਕੀਆਂ ਤੋੜਨ
ਤੇ ਝੂਟਿਆਂ ਕਰਦੇ ਸਾਂ ਜਿਥੇ
ਪੀਂਘ ਟਾਹਲੀ ਤੇ ਕਦੀ ਵਣ ਤੇ
ਮੈਂ ਤੇ ਮੇਰੇ ਬਚਪਨ ਦੀ
ਹਾਣੀ ਕੁੜੀ ਮਿਲ ਕੇ
ਦਿਲ ਤਾਂ ਕਰਦਾ ਹੈ
ਕਿ ਉਹਨਾਂ ਟੋਇਆਂ ਦੀ
ਕੁਝ ਗਿੱਲੀ ਮਿੱਟੀ ਹੀ ਲੈ ਆਵਾਂ
ਜਿੰਨਾਂ 'ਚੋਂ ਝੱਲਿਆਂ ਵਾਂਗ ਸਾਂ
ਗਿੱਠ ਮੁਠੀਏ ਭਾਲਦੇ ਰਹਿੰਦੇ
ਤੇ ਚਾਹੁੰਦਾ ਹਾਂ
ਕਿ ਤੋੜ ਲਿਆਵਾਂ
ਉਸ ਪਿੱਪਲ ਤੇ ਵਣ ਦੇ ਕੁਝ ਪੱਤੇ
ਜਿੰਨਾ ਦੇ ਟਾਹਣਾਂ ਤੇ
ਬਾਂਦਰਾਂ ਵਾਂਗ ਸਾਂ ਲਟਕਦੇ ਰਹਿੰਦੇ
ਸਲਾਮ ਭੇਜਾਂ ਤਾਂ ਹੁਣ ਕਿੰਵੇਂ ਭੇਜਾਂ
ਆਪਣੀ ਮਾਂ ਵਰਗੀ ਬਰਕਤੇ ਦਾਈ ਨੂੰ
ਜੋ ਦਿਆ ਕਰਦੀ ਸੀ ਖਾਣ ਨੂੰ
ਗਿਰੀਆਂ ਛੁਹਾਰੇ ਟਾਂਗਰੀ
ਜਾਵਾਂ ਤਾਂ ਮਾਸੀ ਜ਼ੀਨਤ ਦੀ

ਗੋਦੀ ਵਿਚ ਕਿਂਵੇਂ ਜਾਵਾਂ
ਜੋ ਜੁਮੇ ਰਾਤ ਨੂੰ ਦਿਆ ਕਰਦੀ ਸੀ
ਸ਼ੱਕਰ ਸੇਵੀਆਂ ਮਿੱਠਾ ਪੁਲਾਅ
ਉਸ ਪੀਰ ਦੀ ਦਰਗਾਹ ਤੇ
ਸਿਰ ਕਿੱਦਾਂ ਨਿਵਾਵਾਂ
ਮੇਰੀ ਤੰਦਰੁਸਤੀ ਲਈ ਜਿਥੇ
ਭੂਆ ਸੁਖਿਆ ਕਰਦੀ ਸੀ ਚੂਰਮਾਂ
ਹੁਣ ਤਾਂ ਆਪਣੀ ਹੀ ਹਾਲਤ ਤੇ
ਤਰਸ ਆਉਂਦਾ ਹੈ
ਕਿ ਜੇ ਕਿਧਰੇ ਮਿਲ ਜਾਣ
ਰਸ਼ੀਦਾ ਤੇ ਬਸ਼ੀਰਾ
ਬਚਪਨ ਦੇ ਬੇਲੀ
ਤਾਂ ਉਹ ਵੀ ਪਛਾਣੇ ਨਹੀਂ ਜਾਣੇ
ਕਹਿੰਦੇ ਨੇ ਨਹੁੰਆਂ ਤੋਂ
ਮਾਸ ਕਦੀ ਵੱਖ ਨਹੀਂ ਹੁੰਦਾ
ਏਸੇ ਆਸ ਦੇ ਵਿਚ ਹੀ
ਮੁੱਦਤਾਂ ਬੀਤ ਗਈਆਂ ਨੇ
ਪਰ ਅਜੇ ਤਕ ਵੀ
ਨਹੁੰਆਂ ਨੂੰ ਮਾਸ ਨਹੀਂ ਜੁੜਿਆ

## ਵੇ ਲੋਕੋ !

ਹੱਥ ਜਿੰਨਾਂ ਦੇ ਆਵਣ ਕੁੰਜੀਆਂ,
ਸੋਈ ਲੁੱਟ ਲੈ ਜਾਣ ਵੇ ਲੋਕੋ।
ਵਾਰੀ ਵਾਰੀ ਭੇਸ ਵਟਾ ਕੇ
ਆ ਜਾਂਦੇ ਸ਼ੈਤਾਨ ਵੇ ਲੋਕੋ।
ਕੂੜ ਕਪਟ ਤੇ ਹੇਰਾ ਫੇਰੀ
ਇਹਨਾਂ ਦਾ ਈਮਾਨ ਵੇ ਲੋਕੋ।
ਗ਼ੈਰਾਂ ਤੋਂ ਬਚੀਆਂ ਹੱਡੀਆਂ
ਚੂੰਡ ਚੂੰਡ ਕੇ ਖਾਣ ਵੇ ਲੋਕੋ।
ਬੋਲੀ ਧਰਮ ਮੁਲਕ ਦੇ ਨਾਂ ਤੇ
ਸਾਨੂੰ ਰੋਜ਼ ਲੜਾਣ ਵੇ ਲੋਕੋ।
ਜੋ ਵੀ ਸੱਚ ਦੀ ਬਾਣੀ ਬੋਲੇ
ਸੂਲੀ ਓਸ ਚੜ੍ਹਾਣ ਵੇ ਲੋਕੋ!
ਅੰਬਰ ਸਾਰਾ ਆਹਾਂ ਢੱਕਿਆ
ਧਰਤੀ ਲਹੂ ਲੁਹਾਣ ਵੇ ਲੋਕੋ।
ਹਰ ਪੱਤਾ ਹਰ ਡਾਲੀ ਰੋਵੇ
ਕੀਤਾ ਬਾਗ਼ ਵੀਰਾਨ ਵੇ ਲੋਕੋ।
ਕਰਨਾ ਕਿਸੇ ਬਿਗਾਨੇ ਨੇ ਪਰ
ਸਾਡਾ ਨਹੀਂ ਕਲਿਆਣ ਵੇ ਲੋਕੋ।
ਸਾਰੇ ਆਪਣੇ ਫਰਕ ਮਿਟਾਈਏ
ਕਿਰਤੀ ਅਤੇ ਕਿਸਾਨ ਵੇ ਲੋਕੋ।
ਇਕ ਮੁੱਠ ਹੋ ਕੇ ਲਾਈਏ ਸੱਭੇ
ਸਾਂਝਾ ਅਸੀਂ ਤ੍ਰਾਣ ਵੇ ਲੋਕੋ।
ਅੱਟਣਾਂ ਵਾਲੇ ਹੱਥਾਂ ਦੀ ਫਿਰ
ਹੋਵੇ ਉੱਚੀ ਸ਼ਾਨ ਵੇ ਲੋਕੋ।

## ਸਰਕਾਰ ਦੀ ਸਿੱਖਿਆ ਨੀਤੀ

ਉਹਨਾਂ 'ਚੋਂ ਕੁਝ ਪਰਤ ਗਏ ਨੇ
ਠੱਟੀਆਂ, ਬਸਤੀਆਂ, ਵਿਹੜਿਆਂ ਵਲ
ਆਪਣੀਆਂ ਕੁਲੀਆਂ, ਝੁੱਗੀਆਂ
ਤੇ ਨਿੱਕੇ, ਨਿੱਕੇ ਕੱਚੇ ਘਰਾਂ ਨੂੰ
ਜਿੱਥੇ ਉਹਨਾਂ ਨੂੰ ਗਲਵੱਕੜੀ 'ਚ ਲੈਣ ਲਈ
ਨਾ ਉਹਨਾਂ ਦਾ ਬਾਪ ਹੋਣਾ ਏਂ
ਨਾ ਓਥੇ ਉਹਨਾਂ ਦੀ ਮਾਂ ਹੋਣੀ ਏਂ
ਬਾਪ ਤਾਂ ਖੇਤਾਂ, ਕਾਰਖਾਨਿਆਂ ਫੈਕਟਰੀਆਂ ਵਿਚ
ਜਾਂ ਦਿਹਾੜੀ ਤੇ ਗਏ ਹੋਣਗੇ
ਰਿਕਸ਼ਾ ਚਲਾਉਂਦਾ ਹੋਵੇਗਾ
ਜਾਂ ਫੇਰੀ ਲਾਉਂਦਾ ਹੋਵੇਗਾ ਕਿਸੇ ਦਾ ਪਿਓ
ਇਹਨਾਂ ਦੀਆਂ ਮਾਵਾਂ ਗਈਆਂ ਹੋਣਗੀਆਂ
ਕਿਸੇ ਦਾ ਗੋਹਾ ਕੂੜਾ ਕਰਨ,
ਖੇਤਾਂ 'ਚੋਂ ਕੱਖ ਖੋਤਣ
ਕਿਸੇ ਦੇ ਭਾਂਡੇ ਮਾਂਜਣ
ਕਿਸੇ ਦੇ ਘਰ ਦੀ ਸਫਾਈ ਕਰਨ
ਜਾਂ ਆਪਣੀ ਤੇ ਬੱਚਿਆਂ ਦੀ
ਪੇਟ ਦੀ ਅੱਗ ਬੁਝਾਉਣ ਵਾਸਤੇ
ਕਿਧਰੇ ਮਜ਼ੂਰੀ ਕਰਨ ਲਈ
ਏਸੇ ਲਈ ਉਹਨਾਂ 'ਚੋਂ ਬਹੁਤੇ
ਖੇਡ ਰਹੇ ਨੇ ਸਕੂਲ ਦੇ ਵਿਹੜੇ ਵਿਚ
ਕੁਝ ਪਾ ਰਹੇ ਨੇ ਰੌਲਾ

ਕੁਝ ਲੜ ਰਹੇ ਨੇ ਆਪਸ ਵਿਚ
ਕੱਢ ਰਹੇ ਨੇ ਇਕ ਦੂਜੇ ਨੂੰ ਗਾਲਾਂ
ਪਾੜ ਰਹੇ ਨੇ ਇਕ ਦੂਜੇ ਦੇ ਕਪੜੇ
ਪੁੱਟ ਰਹੇ ਨੇ ਇਕ ਦੂਜੇ ਦੇ ਜੁੰਡੇ
ਡੋਹਲ ਰਹੇ ਨੇ ਇਕ ਦੂਜੇ ’ਤੇ ਸਿਆਹੀ
ਮਾਰ ਰਹੇ ਨੇ ਇਕ ਦੂਜੇ ਦੇ ਘਸੁੰਨ
ਵੱਢ ਰਹੇ ਨੇ ਇਕ ਦੂਜੇ ਨੂੰ ਦੰਦੀਆਂ
ਥੱਕ ਹਾਰ ਕੇ ਹਟ ਜਾਣਗੇ ਆਪੇ
ਮਾਸਟਰ ਮਾਸਟਰਨੀਆਂ ਕੀ ਕਰਨ
ਛੁੱਟੀ ਕਰ ਕੇ ਜਾਣਾ ਪੈਂਦਾ ਹੈ
ਉਹਨਾਂ ਨੂੰ ਵੋਟਾਂ ਬਣਾਉਣ
ਕਦੀ ਕੋਈ, ਤੇ ਕਦੀ ਕੋਈ ਸਰਵੇਖਣ ਕਰਨ
ਸਰਕਾਰੀ ਸਕੂਲਾਂ ’ਚ ਪੜ੍ਹਦੇ ਬੱਚਿਆਂ ਨੂੰ
ਸਰਕਾਰ ਨੇ ਪੜ੍ਹਾ ਕੇ ਕੀ ਲੈਣਾ ਹੈ
ਇਹਨਾਂ ਵਿਚ ਤਾਂ ਪੜ੍ਹਦੇ ਹਨ
ਗਰੀਬਾਂ, ਮਜ਼ਦੂਰਾਂ, ਕਿਰਤੀਆਂ ਦੇ ਬੱਚੇ
ਜੇ ਇਹ ਬੱਚੇ ਪੜ੍ਹ ਗਏ ਤਾਂ
ਆ ਜਾਵੇਗੀ ਇਹਨਾਂ ਨੂੰ ਸੂਝ
ਵੱਡੇ ਹੋ ਕੇ ਫਿਰ ਮੰਗਣਗੇ ਆਪਣੇ ਹੱਕ
ਫਿਰ ਸਰਮਾਏਦਾਰਾਂ, ਰਿਸ਼ਵਤਖੋਰ ਅਫਸਰਾਂ
ਬਈਮਾਨ ਲੀਡਰਾਂ ਨੂੰ ਕੌਣ ਪੁੱਛੇਗਾ
ਏਸੇ ਲਈ ਤਾਂ ਸਾਡੀ ਸਿਆਣੀ ਸਰਕਾਰ
ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ
ਲਾਈ ਰਖਦੀ ਏ ਐਰੇ ਗ਼ੈਰੇ
ਗ਼ੈਰ ਵਿਦਿਅਕ ਕੰਮਾਂ ਤੇ

ਸਾਲਾਂ ਦੇ ਸਾਲ ਪਈਆਂ ਰਹਿੰਦੀਆਂ ਨੇ
ਖਾਲ੍ਹੀ ਆਸਾਮੀਆਂ
ਅਮੀਰਾਂ, ਅਫਸਰਾਂ ਦੇ ਬੱਚੇ ਤਾਂ
ਸਭ ਸਹੂਲਤਾਂ ਵਾਲੇ
ਪਬਲਿਕ ਸਕੂਲਾਂ ਵਿਚ ਪੜ੍ਹਦੇ ਨੇ
ਉਹਨਾਂ ਦੇ ਹਿੱਤਾਂ ਦੀ ਰਖਿਆ
ਸਾਡੀ ਲੋਕ ਹਿਤੈਸ਼ੀ ਸਰਕਾਰ
ਨਹੀਂ ਕਰੇਗੀ ਤਾਂ ਹੋਰ ਕੌਣ ਕਰੇਗਾ
ਏਸੇ ਲਈ ਤਾਂ ਉਚੇਰੀ ਸਿਖਿਆ
ਬਣਾ ਦਿੱਤੀ ਏ ਸਰਕਾਰ ਨੇ ਏਨੀ ਮਹਿੰਗੀ
ਕਿ ਕਿਸੇ ਗਰੀਬ ਦਾ ਲੜਕਾ ਜਾਂ ਲੜਕੀ
ਨਹੀਂ ਬਣ ਸਕਣਗੇ ਹੁਣ
ਡਾਕਟਰ, ਇੰਜਨੀਅਰ ਜਾਂ ਉੱਚ ਅਧਿਕਾਰੀ
ਸਾਡੀਆਂ ਆਰਥਿਕ ਨੀਤੀਆਂ ਘੜਣ ਵਾਲੇ
ਅਤੇ ਲੀਡਰ ਤਾਂ ਬਸ ਏਹੀ ਚਾਹੁੰਦੇ ਹਨ
ਕਿ ਘਾਹੀਆਂ ਦੇ ਪੁੱਤਰ ਘਾਹ ਖੋਤਦੇ ਰਹਿਣ
ਮੋਚੀ ਦਾ ਪੁੱਤਰ ਗੰਢਦਾ ਰਹੇ ਜੁੱਤੀਆਂ
ਟੋਕਰੀ ਢੋਂਦੇ ਰਹਿਣ ਮਜ਼ੂਰਾਂ ਦੇ ਬੱਚੇ
ਤੇ ਕਦੀ ਨਾ ਟੁੱਟੇ ਮਨੂੰ ਦਾ ਵਰਣ ਜਾਤਾਂ ਦਾ ਕਾਨੂੰਨ।

## ਨਿਰਣਾ

ਮੰਨਿਆਂ ਕਿ ਬਾਹਰ ਬਹੁਤ ਨ੍ਹੇਰੀ ਹੈ
ਮੌਸਮ ਬਹੁਤ ਜ਼ਾਲਿਮ ਹੈ
ਪਰ ਇਉਂ ਬੈਠ ਕੇ ਅੰਦਰ
ਕਿਵੇਂ ਮੰਜ਼ਿਲ ਤੇ ਅਪੜਾਂਗੇ
ਹਿਮਾਲਾ ਦੀ ਸਿਖਰ ਜਾਂ ਚੰਨ ਤੇ
ਜਿਹੜੇ ਕਦਮ ਪੁਜੇ ਨੇ
ਉਹ ਹਰ ਮੁਸ਼ਕਿਲ ਪੜਾ ਚੋਂ, ਗੁਜ਼ਰੇ ਨੇ
ਮਲਾਹਾਂ ਡਰ ਤੂਫਾਨਾਂ ਤੋਂ
ਕਦੀ ਪੱਤਣ ਨਹੀਂ ਛੱਡੇ
ਮਛੂਏ ਤਾਂ ਕਪਰਥੱਲਾਂ 'ਚ ਵੀ
ਸ਼ਾਰਕਾਂ ਦਾ ਸ਼ਿਕਾਰ ਕਰਦੇ ਨੇ
ਇਸ ਤੋਂ ਪਹਿਲਾਂ ਕਿ ਇਹ ਮੌਸਮ
ਹਰੇ ਬੂਟੇ ਪੀਲੇ ਹੋਰ ਕਰ ਦੇਵੇ
ਸਮਾਂ ਇਹ ਮੰਗ ਕਰਦਾ ਹੈ
ਕਿ ਮੌਸਮ ਦੀ
ਹਰ ਸਖ਼ਤੀ ਨੂੰ ਵੀ ਜਰੀਏ
ਤੇ ਇਸ ਦੇ ਹਰ ਖ਼ੂਨੀ ਥਪੇੜੇ ਨਾਲ
ਮਿਲ ਕੇ, ਜੂਝੀਏ ਲੜੀਏ
ਤੈਹਾਂ ਦੇ ਪਰਦਿਆਂ ਵਿਚ, ਛਿਪਣ ਨਾਲੋਂ
ਰੁੱਤ ਚੰਦਰੀ ਨੂੰ ਬਦਲਣ ਦੀ
ਹਰ ਤਦਬੀਰ ਹੁਣ ਕਰੀਏ
ਨਵੀਂ ਤਕਦੀਰ ਖੁਦ ਘੜੀਏ।

## ਕ੍ਰਾਂਤੀਕਾਰੀ ਸ਼ਾਇਰ ਯੋਧਿਆਂ ਦੇ ਨਾਂ !

ਅੱਜ ਵੀ ! ਪੁਲਸ ਹਿਰਾਸਤ ਦੇ ਵਿਚ
ਲੋਕ ਹਿਤੈਸ਼ੀ ਜਦ ਕੋਈ ਯੋਧਾ
ਬੇੜੀਆਂ ਨੂੰ ਛਣਕਾਉਂਦੇ ਲੰਘੇ
ਫਿਰ ਉਹਨਾਂ ਦਾ ਚੇਤਾ ਆਏ
ਤੇ ਜਦ ਕੋਈ, ਪੂੰਜੀਵਾਦ ਜਗੀਰੂ ਗ਼ਲਬਾ ਖਤਮ ਕਰਨ ਲਈ
ਇਨਕਲਾਬ ਦਾ ਨਾਹਰਾ ਲਾਏ
ਉਸ ਦਾ ਚਿਹਰਾ
ਕ੍ਰਾਂਤੀਕਾਰੀ ਸ਼ਾਇਰਾਂ ਦੇ, ਚਿਹਰਿਆਂ ਦੇ ਵਿਚ ਘੁੱਲ ਮਿਲ ਜਾਏ
ਸੂਹੇ ਫੁੱਲਾਂ ਦੀ ਉਹ ਵਾਦੀ
ਮਨ ਮੇਰੇ ਵਿਚ ਫਿਰ ਲਹਿਰਾਏ
ਜਿਸ ਵਾਦੀ ਵਿਚ ਪਹੁੰਚਣ ਖਾਤਿਰ
ਉਹਨਾਂ ਆਪਣੇ ਹਮਸਫਰਾਂ ਸੰਗ
ਨ੍ਹੇਰੇ ਦੇ ਵਿਚ
ਕਵਿਤਾ ਕ੍ਰਾਂਤੀ ਚਿੰਤਨ ਦੇ ਸਨ
ਦੀਪ ਜਗਾਏ
ਹਾਰੇ ਹੁੱਟੇ ਲੁੱਟੇ ਪੁੱਟੇ
ਲੋਕਾਂ ਦੇ ਬੇਹਿਸ ਨੈਣਾਂ ਵਿਚ
ਹੱਕ ਅਤੇ ਇਨਸਾਫ ਲੈਣ ਲਈ
ਨਾਲ ਜ਼ਾਲਮਾਂ ਟੱਕਰ ਲੈ ਕੇ
ਰੋਹ ਵਿਦਰੋਹ ਦੇ ਸੁਪਨ ਜਗਾਏ
ਕਦੀ ਕਦਾਈਂ
ਯਾਦ ਉਹਨਾਂ ਦੀ ਜਦ ਵੀ ਆਏ
ਸੂਹੇ ਫੁੱਲਾਂ ਦੀ ਉਹ ਭਿੰਨੀ ਮਹਿਕ ਲਿਆਏ
ਕੱਕਰ ਕੋਰੇ ਤੇ ਧੁੰਦ ਵਿਚ ਵੀ
ਲਿਸ਼ ਲਿਸ਼ ਕਰਦੀ
ਨਿੱਘੀ ਧੁੱਪ ਦੀ ਬਾਤ ਸੁਣਾਏ।

## ਦੁੱਖਾਂ ਦੀ ਗਾਥਾ

ਤੂੰ ਤਾਂ ਸ਼ਿਵ ਜੀ,
ਵਿਸ਼ ਦੀ ਇਕੋ ਮਟਕੀ ਪੀ ਕੇ
ਬਣ ਗਿਉਂ ਨੀਲ-ਕੰਠ ਦੇਵਤਾ।
ਇਕ ਮੈਂ ਹਾਂ ਕਿ ਰੋਜ਼ ਹੀ ਜਿਹੜਾ
ਰੋਟੀ ਵੇਲੇ ਅੱਕ ਚੱਬਦਾ ਹਾਂ
ਹੋਣੀ ਰੋਜ਼ ਧਤੂਰਾ ਮੂੰਹ ਵਿਚ ਪਾ ਜਾਂਦੀ ਹੈ
ਕਿਸੇ ਸੁਗੰਧ-ਸਮੀਰ ਦੇ ਬਦਲੇ
ਮੈਨੂੰ ਮਿਲਿਐ: ਪੱਥਰ ਦੇ ਕੋਇਲੇ ਦਾ ਧੂੰਆਂ
ਪਿਪਲੀ ਦੀ ਛਾਂ ਠੰਡੀ ਦੀ ਥਾਂ
ਸੜਦੀ ਲੂ ਹਿੱਸੇ ਆਈ ਹੈ
ਮੇਰੀਆਂ ਸੋਚਾਂ ਦੀਆਂ ਤਲੀਆਂ ਵਿਚ
ਭੁਰ ਗਏ ਹਨ ਪੋਹਲੀ ਦੇ ਕੰਡੇ
ਮਿਸ਼ਰੀ ਦੀ ਥਾਂ,
ਰੇਤ ਦੇ ਫੱਕੇ ਨਾਲ ਗੁਜ਼ਾਰਾ ਕਰਨਾ ਪੈਂਦੈ
ਖਾਰਾ ਪਾਣੀ ਤ੍ਰੇਹ ਨੂੰ ਹੋਰ ਵੀ ਭੜਕਾਉਂਦਾ ਹੈ
ਅੰਮ੍ਰਿਤ ਮਿੱਠੇ ਮਾਖਿਉਂ ਦੀ ਥਾਂ
ਜੀਭ ਮੇਰੀ ਕੋਈ, ਰੋਜ਼ ਨਵਾਂ ਹੀ ਵਿਹੁ ਚੱਖਦੀ ਹੈ
ਠੰਡਿਆਂ ਮਿੱਠਿਆਂ ਬੋਲਾਂ ਦੀ ਥਾਂ
ਕੰਨਾਂ ਵਿਚ ਤੇਜ਼ਾਬ ਹੈ ਪੈਂਦਾ
ਫੁੱਲਾਂ ਤੇ ਕਲੀਆਂ ਦੇ ਸੁਪਨੇ
ਸਾਨ੍ਹ ਸਮੇਂ ਦੇ ਚਰ ਜਾਂਦੇ ਹਨ।
ਤੇਰੇ ਨਾਲ ਤਾਂ ਸੱਪ ਸਨ, ਬਸ ਕਲੋਲਾਂ ਕਰਦੇ
ਪਰ ਮੈਨੂੰ ਤਾਂ ਨਿਤ ਡਸਦੇ ਹਨ
ਸ਼ਿਵ ਜੀ, ਮੈਂ ਨਹੀਂ ਤੇਰੇ ਵਾਂਗ ਦੇਵਤਾ
ਮੈਂ ਤਾਂ ਬਸ ਇਕ ਲਘੂ ਮਨੁੱਖ ਹਾਂ
ਜੋ ਮੈਂ ਆਪਣੀ ਪੀੜ ਕਹੀ ਹੈ
ਇਹ ਸਭਨਾਂ ਦੀ ਹੀ ਪੀੜਾ ਹੈ
ਲੈਣ ਲਈ ਸੁਖ ਆਪਣੇ ਵਾਪਿਸ
ਸਾਨੂੰ ਵੀ ਤ੍ਰਿਸ਼ੂਲ ਉਠਾਣੀ ਹੀ ਪੈਣੀ ਹੈ।

## ਸਫ਼ਰ ਦੀ ਗੱਲ

ਹਨੇਰਾ ਸੀ ਬਹੁਤ ਪਹਿਲਾਂ
ਹਨੇਰਾ ਅੱਜ ਵੀ ਓਵੇਂ ਹੈ
ਕਈ ਮੌਸਮ ਤਾਂ ਬਦਲੇ ਹਨ
ਵਿਲਕਦੀ ਜ਼ਿੰਦਗੀ ਦੇ ਪਰ
ਕਿਸੇ ਵੀ ਅੱਰਥ ਨਹੀਂ ਬਦਲੇ।
ਕਿਸੇ ਅੰਬਰ ਦੇ ਤਾਰੇ ਤੋਂ
ਉਧਾਰੀ ਰੌਸ਼ਨੀ ਲੈ ਕੇ
ਪਤਾ ਰਾਹ ਦਾ ਤਾਂ ਚਲ ਸਕਦੈ
ਸਫ਼ਰ ਪਰ ਮੁੱਕ ਨਹੀਂ ਸਕਦਾ।
ਹਨੇਰਾ ਤਾਂ ਹੀ ਜਾ ਸਕਦੈ
ਖ਼ੁਦ ਸੂਰਜ ਜੇ ਬਣ ਜਾਈਏ
ਸਫ਼ਰ ਨੂੰ ਜੇ ਮੁਕਾਣਾ ਹੈ
ਨਿਰੰਤਰ ਸੇਧ ਵਿਚ ਮਿਲ ਕੇ
ਮੇਰੇ ਯਾਰੋ ਤੁਰੇ ਜਾਈਏ।

## ਵੰਗਾਰ

ਜੇ ਡਿੱਗੇ ਹੋਏ ਦੁਸ਼ਮਣ 'ਤੇ
ਵਾਰ ਕਰ ਕੇ ਸੋਚਦੇ ਹੋ ਕਿ
ਸੂਰਮਿਆਂ ਵਿਚ ਸ਼ਾਮਿਲ ਹੋ ਜਾਵਾਂਗੇ
ਤਾਂ ਤੁਹਾਡੀ ਭੁੱਲ ਹੈ
ਨਿਹੱਥੇ ਵੈਰੀ ਤੇ ਵਾਰ ਕਰਨਾ ਤਾਂ ਬੁਜ਼ਦਿਲੀ ਹੈ
ਤੁਸੀਂ ਉਦੋਂ ਕਿੱਥੇ ਲੁਕ ਗਏ ਸੀ
ਜਦ ਹਨੇਰੀ ਰਾਤ, ਝੱਖੜ ਝੁਲ ਰਿਹਾ ਸੀ
ਤੁਹਾਡੇ ਮੂੰਹਾਂ ਨੂੰ ਤਾਲੇ ਤਾਂ ਨਹੀਂ ਲਗੇ ਸਨ
ਉਦੋਂ ਤਾਂ ਰੰਡੀਆਂ ਦੇ ਵਾਂਗ ਲਿਖਤਾਂ ਵੇਚਦੇ ਸੀ
ਜਦ ਮਰਾਸੀ ਤੇ ਭੰਡ ਵੀ ਕਈ ਥਕ ਗਏ ਸਨ
ਤਾਂ ਚੌਧਰੀਆਂ ਦੇ ਸੋਹਲੇ ਕਿੰਨਾਂ ਨੇ ਗਾਏ ਸਨ
ਜੇ ਸੀਸ ਭੇਟ ਕਰਨਾ ਸੀ ਤਾਂ ਉਦੋਂ ਆਉਂਦੇ
ਜਦੋਂ ਨੰਗੀ ਤੇਗ਼ ਲਿਸ਼ਕੀ ਸੀ
ਸੂਰੇ ਤਾਂ ਉਸ ਵਕਤ ਨਿੱਤਰੇ ਸਨ
ਪਰ ਤੁਸੀਂ ਤਾਂ ਵੇਚ ਕੇ ਆਪਣੀ ਅਣਖ ਨੂੰ
ਖੁੱਡਾਂ ਦੇ ਵਿਚ ਵੜ ਗਏ ਸੀ
ਚਿੱਟੇ ਨੀਲੇ ਘੋੜੇ ਜਦ ਹਿਣਕਦੇ ਸਨ।
ਤਾਂ ਤੁਹਾਡੇ 'ਚੋਂ ਹੀ ਬਹੁਤੇ ਆਖਦੇ ਸਨ
ਵਾਹ! ਵਾਹ!! ਇਹ ਤਾਂ ਸ਼ੇਰ ਵਾਂਗੂੰ ਗਰਜਦੇ ਹਨ
ਇਨਾਮਾਂ ਤੇ ਖਿਤਾਬਾਂ ਲਈ
ਠੂਠੇ ਚੁੱਕੀ ਕੌਣ ਫਿਰਦੇ ਸਨ?

ਜਿੰਨਾਂ ਨੇ ਸਫ਼ਰ ਕਰਨਾ ਹੈ
ਉਹ ਤਾਂ 'ਸਰ ਫਰੋਸ਼ੀ ਦੀ ਤਮੰਨਾ' ਗੁਣ ਗੁਣਾਉਂਦੇ
ਹਰ ਜਬਰ ਤੇ ਜ਼ੁਲਮ ਨਾਲ
ਅੱਜ ਵੀ , ਭਿੜ ਰਹੇ ਨੇ
ਤੁਹਾਡੇ ਵਿਚ ਅਜੇ ਵੀ
ਜੇ ਅਣਖ ਦੀ ਕੋਈ ਕਣੀ ਬਾਕੀ ਹੈ
ਤਾਂ ਦੁਸ਼ਮਣ ਜੋ ਸਾਹਵੇਂ ਤਣਿਆਂ ਖੜਾ ਹੈ
ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਹੋ
'ਆ ਦੋ ਹੱਥ ਕਰੀਏ'
ਦੁਸ਼ਮਣ ਕਿ ਜਿਸ ਦਿਆਂ ਹੱਥਾਂ ਤੋਂ ਲੱਥਾ ਨਹੀਂ
ਅਜੇ ਵੀ ਸਾਡੇ ਮਿੱਤਰਾਂ ਦਾ ਖ਼ੂਨ
ਸਾਡਾ ਦੋਸਤ ਉਹ ਕਿਵੇਂ ਹੋ ਸਕਦਾ ਹੈ
ਸੱਪ ਦੁਧ ਪਿਲਾਇਆਂ ਵੀ ਮਿੱਤ ਨਹੀਂ ਬਣਦੇ
ਭੁਲਿਆਂ ਬੇਰਾਂ ਦਾ
ਹਾਲੀ ਵੀ ਨਹੀਂ ਕੁਝ ਵਿਗੜਿਆ।
ਜੇ ਮੁਕਤਿਆਂ ਵਿਚ ਸ਼ਾਮਿਲ ਹੋਣਾ ਏਂ
ਤਾਂ ਅਸਲ ਦੁਸ਼ਮਣ ਨਾਲ ਛੇੜੋ ਸੰਘਰਸ਼
ਪਰ ਜੇ ਡਿੱਗੇ ਹੋਏ ਵੈਰੀ ਤੇ
ਵਾਰ ਕਰ ਕੇ ਸੋਚਦੇ ਹੋ ਕਿ
ਸੂਰਮਿਆਂ ਵਿਚ ਸ਼ਾਮਿਲ ਹੋ ਜਾਵਾਂਗੇ
ਤਾਂ ਤੁਹਾਡੀ ਭੁੱਲ ਹੈ।

## ਅਜੇ ਤਾਂ ਰਾਤ ਬੜੀ ਕਾਲੀ ਹੈ

ਅਜੇ ਤਾਂ ਰਾਤ ਬੜੀ ਕਾਲੀ ਹੈ
ਚੰਨ ਸਿਤਾਰੇ ਕਾਲੇ ਬਦਲਾਂ ਢੱਕ ਲਏ ਹਨ
ਨਜ਼ਰ ਕਿਸੇ ਨੂੰ ਕੁਝ ਨਹੀਂ ਆਉਂਦਾ
ਸੱਜਾ ਪੈਰ ਤਾਂ ਕੰਡਿਆਲੀ ਝਾੜੀ ਵਿਚ ਫਸ ਕੇ
ਪਹਿਲਾਂ ਜ਼ਖਮੀ ਹੋ ਚੁਕਿਆ ਸੀ
ਖੱਬਾ ਵੀ ਹੁਣ ਚਿੱਕੜ ਦੇ ਵਿਚ ਖੁੱਬ ਗਿਆ ਹੈ
ਤੇ ਹੱਥ ਜਿਹੜੇ ਮੁੱਕੇ ਵਟ ਕੇ
ਵਹਿਸ਼ੀ ਦੈਂਤ ਦੀ ਗਰਦਨ ਤੋੜਣ ਲਈ ਉਭਰੇ ਸਨ
ਹੁਣ ਉਹਨਾਂ ਹੱਥਾਂ ਦੀਆਂ ਉਂਗਲਾਂ
ਇਕ ਦੂਜੀ ਨੂੰ ਭੰਨ ਰਹੀਆਂ ਹਨ
ਰਾਹੀਆਂ ਨੂੰ ਕੋਈ ਰਾਹ ਨਹੀਂ ਦਿਸਦਾ
ਜੰਗਲ ਵਿਚ ਸਭ ਭਟਕ ਰਹੇ ਨੇ
ਚਾਰੇ ਪਾਸੇ ਹਨ ਲੂੰਬੜ, ਬਘਿਆੜ ਬੋਲਦੇ
ਤੇ ਔਹ; ਜਿਹੜੀ ਅੱਗ ਬਲਦੀ ਹੈ
ਚਾਨਣ ਸਮਝ ਕੇ
ਮੱਤ ਜਾਵੋ ਉਸ ਪਾਸੇ ਦੇ ਵਲ
ਉਹ ਤਾਂ ਯਾਰੋ ਭੂਤ-ਚੁੜੇਲਾਂ

ਸਿਵਿਆਂ ਦੇ ਵਿਚ ਨੱਚ ਰਹੇ ਨੇ
ਅਤੇ ਛਲੇਡੇ ਆਖ ਰਹੇ ਨੇ
'ਸਿਵਿਆਂ ਦੀ ਇਸ ਅੱਗਨੀ ਤਾਈਂ
ਨਵੀਂ ਸਵੇਰ ਦੀ ਸਮਝ ਕੇ ਲਾਲੀ ਸੀਸ ਨਿਵਾਉ'
ਐਪਰ ਰਾਤ ਬੜੀ ਕਾਲੀ ਹੈ
ਤੇ ਪੈਰਾਂ ਬਿਨ ਸਿਰ ਪਰਨੇ ਹੋ
ਅੱਖਾਂ ਉੱਤੇ ਪੱਟੀ ਬੰਨ ਕੇ
ਕਿੰਨਾਂ ਕੁ ਚਿਰ, ਕਿਥੋਂ ਤਾਈਂ
ਬਿਖੜੇ ਰਾਹ ਤੇ ਜਾ ਸਕਦੇ ਹਾਂ?
ਤੇ ਹੱਥਾਂ ਨੂੰ ਗਹਿਣੇ ਧਰ ਕੇ
ਕਿੱਦਾਂ ਧਣੁਸ਼ ਚਲਾ ਸਕਦੇ ਹਾਂ
ਦਾਨਵ ਸੈਨਾ ਹਰ ਪਾਸੇ ਤੋਂ ਘੇਰ ਰਹੀ ਹੈ
ਖਵਰੇ ਆਪਾਂ ਕਿਹੜੀ ਜਿੱਤ ਦੇ
ਐਵੇਂ ਜਸ਼ਨ ਮਨਾਉਂਦੇ ਪਏ ਹਾਂ।

## ਤੁਹਾਨੂੰ ਕੀ ਕਹੇ ਕੋਈ ?

ਕੈਫੇ 'ਚ ਬੈਠ ਕੇ
ਜੁਝਾਰੂ ਕਵਿਤਾ ਲਿਖਣ ਵਾਲਿਓ
ਮੈਂ ਨਹੀਂ ਕਹਿੰਦਾ
ਤੁਸੀਂ ਰਾਹ ਗ਼ਲਤ ਦਸਦੇ ਹੋ
ਸਗੋਂ ਮੈਂ ਤਾਂ ਮੰਨਦਾ ਹਾਂ ਕਿ
ਸਿੱਧੇ ਛੁਟੇਰੇ ਰਾਹ ਤੋਂ ਬਿਨਾਂ
ਮੰਜ਼ਿਲ ਤੇ ਛੇਤੀ ਪਹੁੰਚਣ ਦਾ
ਹੋਰ ਕੋਈ ਚੰਗਾ ਤਰੀਕਾ ਹੋ ਨਹੀਂ ਸਕਦਾ
ਤੇ ਜੋ ਸੱਚੇ ਦਿਲੋਂ
ਇਸ ਰਾਹ 'ਤੇ ਨਿਰੰਤਰ ਚਲ ਰਹੇ ਹਨ
ਮੈਂ ਉਹਨਾਂ ਦੀ ਅਜ਼ਮਤ ਨੂੰ
ਆਪਣਾ ਸਿਰ ਝੁਕਾਂਦਾ ਹਾਂ।
ਪਰ ਤੁਹਾਨੂੰ ਵੇਖ ਕੇ ਦਿਲ ਨਹੀਂ ਮੰਨਦਾ
ਕਿ ਤੁਸੀਂ ਸਾਰੇ ਸੁੱਚ ਮੁੱਚ
ਏਸੇ ਹੀ ਰਾਹ ਤੇ ਤੁਰਨ ਵਾਲੇ ਹੋ
ਇਸ ਰਾਹ ਵਿਚ ਜੋ ਘਣੇ ਜੰਗਲ
ਟੋਏ ਟਿੱਬੇ ਤੇ ਖਾਈਆਂ ਹਨ
ਉਹਨਾਂ ਨੂੰ ਕਰਨ ਲਈ ਪੱਧਰੇ
ਲੋਕਾਂ ਦਾ ਹੜ੍ਹ ,
ਤੁਹਾਡੇ ਨਾਲ ਕਿਉਂ ਨਹੀਂ ਤੁਰਿਆ?
ਆਪਣੇ ਮਨਾਂ ਵਿਚ
ਝਾਤ ਮਾਰ ਕੇ ਵੇਖੋ
ਤੁਹਾਡੀ ਬਾਤ ਸੂਹੀ ਨੂੰ
ਹੁੰਗਾਰਾ ਕਿਉਂ ਨਹੀਂ ਮਿਲਿਆ?

ਹਰ ਕਵੀ ਦਰਬਾਰ ਤੋਂ ਪਹਿਲਾਂ ਤੇ ਪਿਛੋਂ
ਪਾਨ ਸਿਗਰਟ, ਮੀਟ ਅੰਗਰੇਜ਼ੀ ਸ਼ਰਾਬ
ਤੁਹਾਡੇ ਲਈ ਹਨ ਲਾਜ਼ਮੀ
ਇਹ ਠੀਕ ਹੈ ਕਿ
ਦੰਭੀ-ਲੁਟੇਰੇ ਅਯਾਸ਼ੀ ਬਹੁਤ ਕਰਦੇ ਹਨ
ਪਰ ਚਿੱਕੜ ਵਿਚ ਲਿਟ ਜਾਣ ਪਿਛੋਂ
ਤੁਹਾਡੇ ਅਤੇ ਉਹਨਾਂ ਵਿਚ
ਕਿਹੜਾ ਫ਼ਰਕ ਰਹਿ ਜਾਂਦੈ।
ਤੁਸੀਂ ਜੋ ਆਪਣੀ ਚੀਚੀ ਦੀ ਪੱਟੀ ਦਿਖਾ ਕੇ
ਆਪਣੇ ਤੇ ਹੋਏ
ਜਬਰ ਦੀ ਵਿਥਿਆ ਸੁਣਾ ਕੇ
ਥਾਂ ਥਾਂ ਤੋਂ ਦਾਦ ਲੈਂਦੇ ਹੋ
ਤਾਂ ਇਉਂ ਲਗਦੈ
ਪਿੰਗਲਾ ਜਿਸ ਤਰ੍ਹਾਂ ਕੋਈ
ਜ਼ਖ਼ਮਾਂ ਨੂੰ ਦਿਖਾ ਕੇ ਭੀਖ ਮੰਗਦਾ ਹੈ।
ਕਵੀ ਏਦਾਂ ਨਹੀਂ ਕਰਦੇ
ਜੁਝਾਰੂ ਹਨ ਜੋ ਲੜਦੇ ਹਨ
ਸਦਾ ਸੰਗਰਾਮ ਕਰਦੇ ਹਨ
ਇਨਕਲਾਬ ਜਿਨਾਂ ਲਿਆਉਣਾ ਹੈ
ਉਹਨਾਂ ਦੀ ਕਥਨੀ ਤੇ ਕਰਨੀ ਵਿਚ
ਪਾੜਾ ਹੋ ਨਹੀਂ ਸਕਦਾ
ਤੁਸੀਂ ਹੁਣ ਆਪ ਹੀ ਦਸੋ
ਤੁਹਾਨੂੰ ਕੀ ਕਹੇ ਕੋਈ?

## ਅਜੇ

ਅਜੇ ਰੋ ਰਹੇ ਨੇ
ਢਿਡੋਂ ਭੁੱਖੇ ਤਨ ਤੋਂ ਨੰਗੇ
ਸੜਕਾਂ, ਬਾਜ਼ਾਰਾਂ, ਅੱਡਿਆਂ ਤੇ
ਰੁਲਦੇ ਹੋਏ ਅਣਗਿਣਤ ਬਾਲ
ਹੱਡੀਆਂ ਦੀ ਮੁੱਠ ਪਿੰਜਰ ਨਿਰੇ
ਰੋਟੀ ਦੇ ਇਕ ਟੁਕੜੇ ਲਈ।
ਅਜੇ ਦੈਂਤ ਵਿਸ਼ੇ ਦਾ
ਤਕ ਇਸਤਰੀ ਮਜ਼ਲੂਮ ਨੂੰ
ਜਿਸ ਦੇ ਨੇ ਬੱਚੇ ਤੜਫ਼ਦੇ
ਜਾਂ ਕਿਸੇ ਮੁਟਿਆਰ ਨੂੰ
ਬਾਪ ਹੈ ਜਿਸ ਦਾ ਬਿਮਾਰ
ਪੈਸੇ ਪੈਸੇ 'ਤੋਂ ਲਾਚਾਰ
ਬਣਾ ਲਵੇ ਓਸ ਨੂੰ
ਆਪਣੀ ਹਵਸ ਦਾ ਸ਼ਿਕਾਰ
ਕਲੀਆਂ ਨੂੰ ਦੇਵੇ ਲਿਤਾੜ
ਪੈਸੇ ਤਾਕਤ ਜਾਂ ਸਿਆਸੀ ਜ਼ੋਰ 'ਤੇ।

ਥਾਂ ਥਾਂ ਲੋਕੀਂ ਬੇਕਾਰ
ਕਰਨ ਪਸ਼ੂਆ ਵਾਲੀ ਕਾਰ
ਤੰਗ ਆ ਲਾਚਾਰ ਹੋ
ਆਪਣਾ ਕਰਦੇ ਨੇ ਖ਼ੂਨ
ਮਹਾਰਾਣੀ, ਬੇਈਮਾਨ ਤੇ ਸ਼ੈਤਾਨ
ਸਮਝੇ ਕਿ ਉਸ ਦੀ ਮਾਂਗ ਦਾ
ਸ਼ਾਇਦ ਇਹ ਸੰਧੂਰ ਹੈ।
ਹੋਟਲਾਂ ਕਲੱਬਾਂ 'ਚ ਪਰ
ਉਡਦੇ ਨੇ ਵਿਸਕੀ ਦੇ ਜਾਮ
ਜਿਸਮ ਹੁੰਦੇ ਨੇ ਨੀਲਾਮ
ਛੱਡ ਦਿਤੀਆਂ ਜਾਂਦੀਆਂ ਨੇ
ਅੱਧੀਆਂ ਪਲੇਟਾਂ ਜੂਠੀਆਂ
ਲੋਕਾਂ ਦੀ ਰੱਤ ਪੀਣ ਲਈ
ਸਕੀਮਾਂ ਨੇ ਘੜੀਆਂ ਜਾਂਦੀਆਂ
ਕਿਸੇ ਸਾਊ ਲਿਬਾਸ ਵਿਚ।

## ਮੇਰਾ ਜਿਸਮ

ਮੇਰਾ ਜਿਸਮ, ਜ਼ਖ਼ਮਾਂ ਪਰੁੱਤਾ
ਜ਼ਖ਼ਮ ਜੋ ਨਾਸੂਰ ਬਣਦੇ ਜਾ ਰਹੇ।
ਜ਼ਖ਼ਮ ਇਹ ਮੈਨੂੰ ਮਿਲੇ ਹਨ
ਪੱਤਝੜਾਂ ਦਾ ਮਾਤਮ ਕਰਨ ਬਦਲੇ
ਸੂਹੇ ਚਾਨਣ ਦੇ ਗੀਤ ਗਾਉਣ ਬਦਲੇ
ਕਾਲੇ ਨ੍ਹੇਰੇ ਦਾ ਮੂੰਹ ਚਿੜਾਉਣ ਬਦਲੇ
ਹੋ ਚੁਕੀ ਹੈ ਮੇਰੀ ਦੇਹੀ ਨੀਲਾਮ।
ਮਨ ਦਾ ਪੰਛੀ ਪਿੰਜਰੇ ਵਿਚ ਸਹਿਕਦਾ
ਤੜਫਦਾ ਦਮ ਤੋੜਦਾ ਤੇ ਤਰਸਦਾ
ਖੁਲ੍ਹੀਆਂ ਪੌਣਾਂ ਤੇ ਨੀਲੰਬਰ ਦੇ ਵਿਚ
ਇਕ ਵੀ ਰਜਵੀਂ ਉਡਾਰੀ ਲਾ ਸਕੇ।
ਪਰ–
ਪਹਿਰੇਦਾਰ ਪੱਥਰ-ਚਿੱਤ ਜੋ
ਦੇ ਸਕਦੇ ਹਨ ਇਜਾਜ਼ਤ ਕਿਸ ਤਰ੍ਹਾਂ
ਬੱਝੀਆਂ ਜ਼ਖ਼ਮਾਂ ਤੇ ਥਾਂ ਥਾਂ ਪੱਟੀਆਂ
ਅਤੇ ਪੱਟੀਆਂ ਤੇ ਲਹੂ ਦੇ ਨਿਸ਼ਾਨ
ਦੂਰ ਤੋਂ ਤਕਦਾ ਹੈ ਜੋ ਵੀ ਓਸ ਨੂੰ
ਖਿੜੇ ਫੁੱਲਾਂ ਦਾ ਭੁਲੇਖਾ ਪਾ ਰਹੇ।
ਮੇਰਾ ਜਿਸਮ ਜ਼ਖ਼ਮਾਂ ਪਰੁੱਤਾ
ਜ਼ਖ਼ਮ ਜੋ ਨਾਸੂਰ ਬਣਦੇ ਜਾ ਰਹੇ।

## ਰਿਕਸ਼ਾ ਚਾਲਕ ਮੁੰਡਾ

ਬੱਚਿਓ ਐਂਵੇਂ ਨਾ ਘਬਰਾਓ
ਬਣ ਸਕਦੇ ਹੋ ਤੁਸੀਂ ਓਹੀ
ਜੋ ਬਨਣਾ ਚਾਹੋ
ਆਪਣੇ ਚੰਗੇ ਮਾਸਟਰ ਜੀ ਦੇ
ਬੋਲ ਇਹ ਕੰਨੀ ਗੂੰਜ ਰਹੇ ਨੇ
ਜੋ ਉਹਨਾਂ ਨੇ ਕਹੇ ਸੀ ਸਾਨੂੰ
ਜਦ ਪੜ੍ਹਦੇ ਸਾਂ
ਤੇ ਫਿਰ ਸੋਚਾਂ
ਕੀ ਕੁਝ ਸੀ ਮੈਂ ਬਨਣਾ ਚਾਹਿਆ
ਮੈਨੂੰ ਮੇਰੀ ਮਜਬੂਰੀ ਦਾ
ਕਿਥੇ ਚੁੱਕ ਤੂਫਾਨ ਲਿਆਇਆ
ਫਸਟ ਡਵੀਜ਼ਨ ਲੈ ਕੇ ਵੀ ਮੈਂ
ਜੇਠ ਹਾੜ ਦੀ ਵਰ੍ਹਦੀ ਅੱਗ ਵਿਚ
ਇਕ ਰਿਕਸ਼ੇ ਦੀ ਕਾਠੀ ਉੱਤੇ
ਪਸ਼ੂਆਂ ਵਾਂਗੂੰ ਭਾਰ ਨੂੰ ਖਿਚਦਾ
ਮੁੱਠ ਕੁ ਹੱਡੀਆਂ ਤੋੜ ਰਿਹਾ ਹਾਂ
ਚੂਰਾ ਚੂਰਾ ਹੋਏ ਜੋ ਸੁਪਨੇ
ਮੁੜ ਮੁੜ ਐਂਵੇਂ ਜੋੜ ਰਿਹਾ ਹਾਂ।

## ਮੇਰਾ ਘਰ

ਮੇਰਾ ਘਰ–
ਇਕ ਚਿੰਤਾਵਾਂ ਦੀ ਵੱਡੀ ਭੱਠੀ
ਫਿਰ ਵੀ ਮੈਨੂੰ ਪਿਆਰਾ ਲੱਗੇ
ਕਿਉਂ ਜੋ ਇਹ ਵਿਸ਼ਵਾਸ ਹੈ ਮੈਨੂੰ
ਇਸ ਦੇ ਅੰਦਰ ਢਲਦਾ ਢਲਦਾ
ਇਕ ਨਾ ਇਕ ਦਿਨ
ਐਸਾ ਮੈਂ ਹਥਿਆਰ ਬਣਾਂਗਾ
ਜਿਸ 'ਚੋਂ ਛੁੱਟਿਆ ਹਰ ਇਕ ਜ਼ੱਰਾ
ਚਿੰਤਾਵਾਂ ਦੇ ਦਾਨਵ ਸਾਰੇ
ਖ਼ਤਮ ਕਰੇਗਾ।

## ਸੇਹ ਦਾ ਤਕਲਾ

ਮੈਂ ਤੇ ਮੇਰੀ ਪਤਨੀ ਦੋਵੇਂ
ਆਪਸ ਦੇ ਵਿਚ ਨਿੱਤ ਲੜਦੇ ਹਾਂ
ਕੋਈ ਸਮਾਂ ਸੀ ਅਸੀਂ ਦੋਹਾਂ ਨੇ
ਹੱਸਦੇ ਹੱਸਦੇ ਚਾਈਂ ਚਾਈਂ
ਇਕ ਦੂਜੇ ਨੂੰ,
ਉਮਰਾਂ ਦਾ ਸੀ ਸਾਥੀ ਚੁਣਿਆਂ
ਤੇ ਹੁਣ ਦੋਵੇਂ ਇਕ ਦੂਜੇ ਤੋਂ
ਦੂਰ ਦੂਰ ਹਾਂ ਨੱਸਣਾ ਚਾਹੁੰਦੇ
ਲੋੜਾਂ ਥੋੜਾਂ ਤੇ ਮਹਿੰਗਾਈ
ਸਾਡੇ ਵਿਹੜੇ ਸੇਹ ਦਾ ਤਕਲਾ ਗੱਡ ਦਿਤਾ ਹੈ।

## ਚੜ੍ਹਦੇ ਸੂਰਜ

ਚੜ੍ਹਦੇ ਸੂਰਜ ਨਿੱਤ ਸਵੇਰੇ
ਸਾਡੇ ਘਰ ਵਿਚ ਜੰਗ ਛਿੜ ਜਾਵੇ
ਚੜ੍ਹਦੇ ਸੂਰਜ ਨਿੱਤ ਸਵੇਰੇ
ਮਨ ਸੋਚਾਂ ਦੇ
ਡੂੰਘੇ ਡੂੰਮ ਵਿਚ ਗੋਤੇ ਖਾਵੇ
ਸਾਨੂੰ ਖਾਲੀ ਜੇਬ ਡਰਾਵੇ
ਕੁਝ ਘੋਗੇ ਕੁਝ ਟੁੱਟੀਆਂ ਸਿੱਪੀਆਂ
ਮਿਹਨਤ ਸਾਡੀ ਝੋਲੀ ਪਾਵੇ।
ਚੜ੍ਹਦੇ ਸੂਰਜ ਬੇਕਾਰੀ ਦੀ
ਚਿੰਤਾ ਸਾਨੂੰ ਸੂਲੀ ਟੰਗੇ
ਚੜ੍ਹਦੇ ਸੂਰਜ ਨਿੱਤ ਸਵੇਰੇ
ਸ਼ਾਹ ਸਾਡੇ ਤੋਂ ਕਰਜ਼ਾ ਮੰਗੇ
ਮਜਬੂਰੀ ਦਾ ਫਨੀਅਰ ਡੰਗੇ
ਚੜ੍ਹਦੇ ਸੂਰਜ ਅੱਗ ਲੋੜਾਂ
ਸਾਡਾ ਤਨ ਤੇ ਮਨ ਝੁਲਸਾਵੇ
ਚੜ੍ਹਦੇ ਸੂਰਜ ਨਿੱਤ ਸਵੇਰੇ
ਸਾਡੇ ਘਰ ਵਿਚ ਜੰਗ ਛਿੜ ਜਾਵੇ।

## ਬਜਟ

ਪਹਿਲਾਂ ਵਾਂਗੂ, ਪਹਿਲੀ ਤੋਂ ਵੀ
ਪਹਿਲਾਂ ਹੀ ਤਾਂ
ਮੇਰੀ ਜੇਬ ਬੜੀ ਭਾਰੀ ਹੈ।
ਇਸ ਅੰਦਰ ਹਨ
ਕਿੰਨੇ ਹੀ ਕਾਗਜ਼ ਦੇ ਟੋਟੇ
ਜਿੰਨਾਂ ਉੱਤੇ ਸੌ ਵਾਰੀ ਮੈਂ
ਕੱਟ ਵੱਢ ਕਰ ਕੇ
ਲਿਖਿਆ ਹੋਇਐ
ਏਸ ਮਹੀਨੇ
ਕਿਸ ਕਿਸ ਨੂੰ ਹਨ
ਕਿੰਨ ਕਿੰਨੇ ਪੈਸੇ ਦੇਣੇ
ਕਿਸ ਕਿਸ ਨੂੰ ਹੈ
ਲਾਰਾ ਲਾਣਾ ਤੇ ਅਟਕਾਣਾ
ਕੁਝ ਇਕ ਨੂੰ ਤਾਂ
ਕੋਈ ਨਾ ਕੋਈ
ਲਾ ਬਹਾਨਾਂ ਟਾਲ ਦਿਆਂਗਾ
ਪਰ ਆਪਣੇ ਬੱਚਿਆਂ ਦੇ ਢਿੱਡ ਨੂੰ
ਰੋਟੀ ਬਾਝੋਂ ਕਿੰਝ ਟਾਲਾਂਗਾ?
ਜੇਬ ਮੇਰੀ ਵਿਚ
ਘਾਟੇ ਵਾਲੇ ਬਜਟ ਇਹ ਮੇਰਾ
ਦਿਲ ਦੀ ਧੜਕਣ ਪਕੜ ਰਿਹਾ ਹੈ।

## ਬੇਜਾਨ

ਕੁਝ ਦਿਨ ਹੋਏ, ਮੇਰਾ ਹਾਣੀ
ਹਾਇ! ਮੇਰਾ ਇਕ ਯਾਰ ਪਿਆਰਾ
ਸਾਥ ਸਦਾ ਲਈ ਤੋੜ ਗਿਆ ਹੈ
ਪਿਛਲੀ ਵਾਰੀ ਜਦ ਮੈਂ ਉਸ ਨੂੰ
ਮਿਲਣ ਗਿਆ ਸੀ
ਮੈਂ ਕਿਹਾ ਸੀ –
"ਯਾਰਾ! ਏਸ਼ ਸ਼ਹਿਰ ਵਿਚ
ਕਿੰਨੇ ਹੀ ਤਾਂ ਹੋਰ ਵੀ ਚੰਗੇ
ਡਾਕਟਰ ਅਤੇ ਹਸਪਤਾਲ ਨੇ
ਕਿਉਂ ਨਹੀਂ ਆਪਣਾ
ਚੰਗੀ ਤਰ੍ਹਾਂ ਇਲਾਜ ਕਰਾਉਂਦਾ?"
ਤੇ ਉਸ ਆਪਣੇ
ਨੈਣਾਂ ਦੇ ਵਿਚ ਹੰਝੂ ਭਰ ਕੇ
ਜੇਬ 'ਚੋਂ ਸੀ ਇਕ ਕਾਗਜ਼ ਕੱਢਿਆ
ਜਿਸ ਦੇ ਉੱਤੇ ਲਿਖੇ ਹੋਏ ਸਨ
ਟੀਕੇ ਟੌਨਿਕ ਕਈ ਦਵਾਈਆਂ
ਜਿੰਨਾਂ ਨੂੰ ਲਿਆਵਣ ਜੋਗੇ
ਪੈਸੇ ਉਸ ਦੇ ਕੋਲ ਨਹੀਂ ਸਨ
ਪੈਸੇ ਮੇਰੇ ਪਾਸ ਨਹੀਂ ਸਨ

ਇਕ ਸਾਲ ਦੀ ਨਿਰੀ ਬੇਕਾਰੀ
ਦੋਹਾਂ ਤਾਈਂ ਝੰਬ ਸੁੱਟਿਆ ਸੀ
ਫਿਰ ਉਸ ਨੇ ਬੁੱਲਾਂ ਨੂੰ ਟੁੱਕਦੇ
ਇਉਂ ਕਿਹਾ ਸੀ-
"ਅੱਜ ਤੂੰ ਰੱਜ ਕੇ ਮਿਲ ਲੈ ਮਿੱਤਰਾ!
ਤੇਲ ਬਿਨਾਂ ਜੀਵਨ ਦੀ ਬੱਤੀ
ਕਿਸੇ ਘੜੀ ਵੀ ਬੁੱਝ ਸਕਦੀ ਹੈ
ਹਸਪਤਾਲ ਦਾ ਵੱਡਾ ਡਾਕਟਰ
ਕਲ ਕਹਿੰਦਾ ਸੀ, ਕਿਸੇ ਪਹਾੜੀ ਥਾਂ ਦੇ ਉੱਤੇ
ਵਰ੍ਹਾ ਛਿਮਾਹੀ ਜੇ ਰਹਿ ਆਵੇਂ
ਅੱਛਾ ਵਧੀਆ ਭੋਜਨ ਖਾਵੇਂ
ਪੂਰੀ ਤਰ੍ਹਾਂ ਇਲਾਜ ਕਰਾਵੇਂ
ਹੋ ਸਕਦਾ ਹੈ ਤੂੰ ਬੱਚ ਜਾਵੇਂ।"
ਤੇ ਉਸ ਨੂੰ ਮੈਂ ਧੀਰਜ ਦੇਂਦਾ
ਐਪਰ ਅੰਦਰੋਂ ਹੌਕੇ ਲੈਂਦਾ
ਆਪਣਾ ਮੂੰਹ ਹੰਝੂਆਂ ਵਿਚ ਧੋਂਦਾ
ਲਾਸ਼ ਦੇ ਵਾਂਗੂੰ
ਆਪਣੀ ਕਬਰ 'ਚ ਆ ਡਿੱਗਿਆ ਸਾਂ
ਜਿਸਮ ਨਹੀਂ ਹੁਣ ਮੇਰਾ ਆਪਣਾ
ਲਾਸ਼ ਹੈ ਜਿਸ ਨੂੰ ਚੁੱਕੀ ਫਿਰਦਾਂ
ਕੁਝ ਦਿਨ ਹੋਏ ਮੇਰਾ ਹਾਣੀ
ਹਾਇ! ਮੇਰਾ ਇਕ ਯਾਰ ਪਿਆਰਾ
ਸਾਥ ਸਦਾ ਲਈ ਤੋੜ ਗਿਆ ਹੈ।

## ਨੇਤਰਹੀਣ

ਕੁਝ ਸਿਰ ਫਿਰੇ ਆਲੋਚਕ
ਜੋ ਸੁੱਖ ਨਿਵਾਸਾਂ 'ਚ ਰਹਿੰਦੇ ਨੇ
ਤੇ ਪਾਣੀ ਦੀ ਥਾਂ
ਫਰਿਜ ਲਗੀ ਬੀਅਰ ਪੀਂਦੇ ਨੇ
ਸ਼ਾਮੀ ਬਿਗਾਨੀ ਵਿਸਕੀ ਉਡਾਂਦੇ ਨੇ
ਤੇ ਰਾਤੀਂ ਆਪਣੇ ਸਾਥੀਆਂ ਸੰਗ
ਵਿਦੇਸ਼ੀ ਨਗਨ ਫਿਲਮਾਂ ਦਾ
ਸਵਾਦ ਲੈਂਦੇ ਨੇ
ਤੇ ਜੋ ਰਾਤ ਬਦਲਣ ਤੇ
ਕਪੜੇ ਬਦਲਣ ਵਾਂਗ
ਆਪਣਾ ਹਮ ਬਿਸਤਰ ਬਦਲਦੇ ਨੇ
ਜਾਂ ਜਿਨਾਂ ਨੂੰ ਕੋਈ
ਕੁਰਸੀ ਮਿਲਣ ਦੀ ਆਸ ਹੁੰਦੀ ਹੈ
ਤੇ ਜੋ ਪੁਰਸਕਾਰਾਂ ਦੇ ਟੁਕੜਿਆਂ ਤੇ
ਲਾਅਲਾਂ ਵਗਾਉਂਦੇ ਨੇ
ਉਨ੍ਹਾਂ ਨੂੰ
ਲੋਕ ਕਵਿਤਾ 'ਚੋਂ
ਕੁਝ ਵੀ ਨਜ਼ਰ ਨਹੀਂ ਆਉਂਦਾ।
ਉਲੂਆਂ ਦੀਆਂ ਅੱਖਾਂ ਨੂੰ
ਚਾਨਣ ਦਿਸ ਨਹੀਂ ਸਕਦਾ
ਇਹਨਾਂ ਅਖੌਤੀ ਵਿਦਵਾਨਾਂ
ਸਾਹਿਤਕਾਰਾਂ, ਝੰਡਾ ਬਰਦਾਰਾਂ ਨੂੰ
ਜ਼ਿੰਦਗੀ ਦੀ ਕਵਿਤਾ 'ਚੋਂ
ਹਥੌੜੇ ਦਾਤੀਆਂ ਸਿੱਟਿਆਂ ਦੀ ਗਲ
ਬਹੁਤ ਚੁਭਦੀ ਹੈ

ਇਹਨਾਂ ਨੂੰ ਤਾਂ
ਕਤਲਗਾਹਾਂ 'ਚ ਦਿਤੇ ਜਾ ਰਹੇ ਤਸੀਹੇ
ਝੂਠ ਲਗਦੇ ਨੇ
ਇਹਨਾਂ ਨੂੰ ਪਾਟੀਆਂ ਲੀਰਾਂ
ਅੱਟਣਾਂ, ਹਨੇਰੀਆਂ ਝੁੱਗੀਆਂ
ਲੂ ਵਿਚ ਸੜ ਰਹੇ ਜਾਂ ਪਾਲੇ ਠਰ ਰਹੇ
ਭੁੱਖੇ ਲੋਕਾਂ ਦੇ ਵਰਨਣ 'ਚੋਂ
ਬੋ ਤੇ ਕਚਿਆਣ ਆਉਂਦੀ ਹੈ
ਤੇ ਹੱਕਾਂ ਲਈ ਜੂਝਦੇ
ਆਪਣੇ ਲੋਕਾਂ ਦੇ ਜੱਸ ਤੋਂ
ਡਰ ਲਗਦਾ ਹੈ
ਇਹਨਾਂ ਤੇ ਕੀ ਗਿਲਾ ਕਰਨਾ
ਇਹ ਤਾਂ ਉਹਨਾਂ ਲੋਕਾਂ 'ਚੋਂ ਹਨ
ਜੋ ਹਰ ਸਾਲ
ਭਗਤ ਤੇ ਕਰਤਾਰ ਦੀ
ਬਰਸੀ ਮਨਾਉਂਦੇ ਹਨ
ਤੇ ਅੱਜ ਵੀ ਉਹਨਾਂ ਨੂੰ
ਫਾਂਸੀ ਚੜ੍ਹਾਉਂਦੇ ਹਨ
ਅੱਜ ਦੀ ਲੋਕ ਕਵਿਤਾ ਜਦੋਂ
ਵਿਹਲੜ ਲੋਟੂਆਂ ਤੇ ਜਾਬਰਾਂ ਦੇ
ਗਲੇ ਘੁੱਟਣ ਦੀ ਗੱਲ ਕਰਦੀ ਹੈ
ਤਾਂ ਇਹ ਖੁਰਦਰੇ ਹੱਥਾਂ ਨੂੰ
ਆਪਣੀ ਸੰਘੀ ਤੇ ਮਹਿਸੂਸ ਕਰਦੇ ਨੇ
ਫਿਰ ਇਹਨਾਂ ਨੂੰ
ਜੁਝਾਰੂ ਲੋਕ ਕਵਿਤਾ 'ਚੋਂ
ਕਿਵੇਂ ਕੁਝ ਨਜ਼ਰ ਆ ਸਕਦੈ।

# ਪੁਨਰਜਨਮ

ਮੇਰੀਆਂ ਅੱਖਾਂ ਦੇ ਸਾਹਵੇਂ
ਕਾਨੂੰਨ ਦੇ ਰਾਖੇ ਜਦੋਂ
ਵਹਿਸ਼ੀਆਂ ਦੇ ਵਾਂਗਰਾਂ
ਕਰਦੇ ਨੇ ਸੱਚ ਦੀ ਦੁਰਗਤੀ
ਤਾਂ ਮੁਰਦਿਆਂ ਦੀ ਭੀੜ ਵਿਚ
ਨਿਰਜਿੰਦਾਂ ਵਾਂਗ ਮੈਂ ਵੀ
ਕੁਸਕ ਤਕ ਸਕਦਾ ਨਹੀਂ
ਧੂਹ ਰਹੇ ਹੁੰਦੇ ਨੇ ਸੱਚ ਨੂੰ
ਕਤਲਗਾਹ ਵਲ ਜਦ ਜੱਲਾਦ
ਤਾਂ, ਘਬਰਾਇਆ ਤੇ ਡਰਿਆ ਸਹਿਮਿਆਂ
ਮੈਂ ਇਕ ਅਪਾਹਜ ਬਣਿਆ
ਹੱਥ ਹੀਣਾ ਪੈਰ ਹੀਣਾ
ਅਣਖ ਆਪਣੀ ਨੂੰ ਜਗਾ ਕੇ
ਕੁਝ ਵੀ ਕਰ ਸਕਦਾ ਨਹੀਂ
ਵਾਂਗ ਗੁੰਗੇ ਜੀਭ ਕੱਟੇ
ਕੁਝ ਵੀ ਕਹਿ ਸਕਦਾ ਨਹੀਂ
ਕੁਝ ਦਿਨਾਂ ਦੇ ਬਾਅਦ ਪਰ
ਕਰਨ ਲਗਦਾ ਹਾਂ ਜਦੋਂ ਮੈਂ
ਬੇਬਸੀ ਤੇ ਸ਼ਰਮ ਅੰਦਰ ਖੁਦਕਸ਼ੀ

ਤਾਂ ਓਹੀ ਸੱਚ
ਮੁਸਕਰਾ ਪੈਂਦਾ ਹੈ ਮੇਰੇ ਸਾਹਮਣੇ
ਮੈਨੂੰ ਦੇਵਣ ਦੇ ਲਈ
ਫਿਰ ਨਵੀਂ ਇਕ ਜ਼ਿੰਦਗੀ
ਤੇ ਫਿਰ-
ਮੇਰੀਆਂ ਉਂਗਲਾਂ 'ਚ ਮੇਰੀ
ਕਲਮ ਹੈ ਹਥਿਆਰ ਬਣਦੀ
ਤਦ ਮੇਰੇ ਹੋਠਾਂ ਤੇ
ਭੱਖਦਾ ਅੰਗਿਆਰ ਵਰਗਾ
ਲਾਲ ਸੂਹਾ ਗੀਤ ਹੁੰਦਾ ਹੈ-
"ਮੌਤ ਵਰਗੀ ਜ਼ਿੰਦਗੀ ਤੋਂ
ਹੈ ਚੰਗੇਰੀ ਯੋਧਿਆਂ ਦੀ ਮੌਤ ਵੀ"
ਤੇ ਹੁਣ ਮੈਂ
ਚੰਨ ਸੂਰਜ ਰਿਸ਼ਮਾਂ ਕਿਰਨਾਂ ਦੇ
ਗੀਤ ਲਿਖਦਾ ਹਾਂ
ਜਿਨਾਂ ਤੋਂ ਹਨੇਰੇ ਨੂੰ ਬਹੁਤ ਨਫ਼ਰਤ ਹੈ
ਜੋ ਹਨੇਰੇ ਦੀ ਮੌਤ ਦਾ ਪੈਗਾਮ ਹਨ
ਹੁਣ ਮੈਂ ਓਹੀ ਗੀਤ ਲਿਖਦਾ ਹਾਂ।

# ਗਿਰਗਟ

(ਬੋਗਸ ਯੂਨੀਅਨਾਂ ਦੇ ਪਾਖੰਡੀ ਲੀਡਰਾਂ ਨੂੰ)

ਆਗੂ ਬਨਣਾ ਕੀ ਔਖਾ ਹੈ
ਆਪਾਂ ਪੰਜ ਸੱਤ ਹੋ ਇਕੱਠੇ
ਨਵੀਂ ਯੂਨੀਅਨ ਹੋਰ ਬਣਾਈਏ
ਚੁੱਪ ਚੁਪੀਤੇ ਕਿਧਰੇ ਬਹਿ ਕੇ
ਪ੍ਰਧਾਨ ਸਕੱਤਰ ਤੇ ਬਾਕੀ ਦੇ
ਅਹੁਦੇਦਾਰਾਂ ਦੀ ਇਕ ਸੂਚੀ
ਸਰਬ ਸੰਮਤੀ ਨਾਲ ਛਪਾਈਏ।
ਏਸ ਖੁਸ਼ੀ ਵਿਚ ਸ਼ਾਮੀ ਜਾ ਕੇ
ਠੇਕੇ ਦੇ ਵਿਚ ਮੌਜ ਉਡਾਈਏ
ਫਿਕਰ ਖ਼ਰਚ ਦਾ ਹੁਣ ਕੀ ਸਾਨੂੰ
ਭਲਕੇ ਸਭ ਅਖਬਾਰਾਂ ਦੇ ਵਿਚ
ਮੰਗਾਂ ਲਈ ਹੜਤਾਲ ਕਰਨ ਦਾ
ਗਰਮਾ ਗਰਮ ਬਿਆਨ ਕਢਾਈਏ
ਅਤੇ ਸਹਾਇਤਾ ਫੰਡ ਵਾਸਤੇ
ਧੜਾ ਧੜ ਚੰਦਾ ਉਗਰਾਹੀਏ।
ਉੱਚ ਅਧਿਕਾਰੀ ਮੰਤਰੀਆ ਸੰਗ
ਸਾਰਾ ਸੌਦਾ ਪੱਕਾ ਕਰ ਕੇ
ਭੁੱਖ ਹੜਤਾਲ ਜਾਂ ਮਰਨ ਵਰਤ ਤੇ
ਨਿਸ਼ਚਿੰਤ ਹੋ ਕੇ ਬਹਿ ਜਾਈਏ

ਕੁਝ ਦਿਨ ਪਿੱਛੋਂ ਸਮਝੌਤੇ ਲਈ
ਨਵਾਂ ਫਾਰਮੂਲਾ ਮਨਵਾਈਏ
ਗਲ ਫੁੱਲਾਂ ਦੇ ਹਾਰ ਪਵਾ ਕੇ
ਆਪਣੀ ਜੈ ਜੈ ਕਾਰ ਕਰਾਈਏ
ਲੋਹ ਪੁਰਸ਼ ਤੇ ਬੇਡਰ ਨੇਤਾ
ਜ਼ਿੰਦਾ ਅਸੀਂ ਸ਼ਹੀਦ ਕਹਾਈਏ
ਕੰਮ ਕਰਨ ਦੀ ਲੋੜ ਭਲਾ ਕੀ
ਗੱਲਾਂ ਦਾ ਜਦ ਖੱਟਿਆ ਖਾਈਏ
ਹਰ ਭੋਲੇ ਭਾਲੇ ਬੰਦੇ ਨੂੰ
ਲਾਰੇ ਲਾਈਏ ਤੇ ਟਰਕਾਈਏ
ਘਾਗ ਸ਼ਿਕਾਰੀ ਵਾਂਗੂ ਘੁੱਗੀਆਂ
ਆਪਣੇ ਜਾਲ ਰੋਜ਼ ਫਸਾਈਏ
ਲੀਡਰ ਸ਼ਾਹੀ ਬੇਗ ਉਠਾ ਕੇ
ਹਰ ਦਫ਼ਤਰ ਦੇ ਚੱਕਰ ਲਾਈਏ
ਆਪਣੀ ਚੌਧਰ ਨੂੰ ਚਮਕਾਈਏ
ਪਹਿਲਾਂ ਵਾਲੇ ਹਰ ਸਾਥੀ ਤੇ
ਜਲਸੇ ਦੇ ਵਿਚ ਚਿੱਕੜ ਸੁਟੀਏ
ਦੂਸ਼ਣ ਲਾਈਏ
ਹੋਰ ਅਸਾਂ ਹੈ ਕੀ ਪਲਟਾਉਣਾ
ਆਪਣੀ ਹੀ ਕਿਸਮਤ ਪਲਟਾਈਏ
ਗਿਰਗਟ ਵਾਂਗੂੰ ਰੰਗ ਵਟਾਈਏ।

# ਤਾਜ

ਜਦ ਸਭਨਾਂ ਦੀ ਮੰਜ਼ਿਲ ਇਕ ਹੈ
ਫਿਰ ਐਂਵੇਂ ਕਿਉਂ ਵਖਰੇ ਵਖਰੇ
ਨਿੱਕੀਆਂ ਨਿੱਕੀਆ ਵਿੰਗ ਤੜਿੰਗੀਆਂ
ਪਗਡੰਡੀਆਂ ਤੇ ਭਟਕ ਰਹੇ ਹੋ
ਆਵੋ ਮਿਲ ਕੇ ਇਕ ਸਿੱਧੇ
ਸ਼ਾਹ ਰਾਹ ਤੇ ਜੁੜੀਏ
ਘੱਤ ਵਹੀਰਾਂ
ਆਪਣੀ ਮੰਜ਼ਿਲ ਦੇ ਵਲ ਤੁਰੀਏ
ਗੂੜ ਹਨੇਰੇ ਰਾਹ ਜੋ ਰੋਕਣ
ਸਭੇ ਕੱਟੀਏ ਪਰਬਤ ਟੱਪੀਏ
ਕੰਡੇ ਰੋੜੇ ਦੂਰ ਹਟਾਈਏ
ਮਾਰੂਥਲ ਵਿਚ ਸੁਪਨ ਉਗਾਉਂਦੇ
ਵਧਦੇ ਜਾਈਏ ਵਧਦੇ ਜਾਈਏ
ਤੂਫ਼ਾਨਾਂ ਨੂੰ ਢੋਲ ਸਮਝ ਕੇ
ਛੱਲਾਂ ਵਿਚ ਵੀ ਭੰਗੜਾ ਪਾਈਏ
ਵੇਲ ਸ਼ਾਰਕਾਂ ਮਾਰ ਮੁਕਾਈਏ
ਤਾਜ ਕਿਰਤ ਦੇ ਸਿਰ ਪਹਿਣਾਈਏ।

## ਜਨਮ ਦਿਨ

ਇਸ ਦਿਨ-
ਜਦੋਂ ਭੁੱਲ ਕੇ ਵੀ ਕੋਈ ਮੈਨੂੰ
ਮੁਬਾਰਕਬਾਦ ਦੇਂਦਾ ਹੈ
ਤਾਂ ਝੱਟ ਖਾਲੀ ਜੇਬਾਂ ਦੇ ਆਰੇ
ਮੇਰੇ ਹੱਥਾਂ ਨੂੰ ਕੱਟ ਦੇਂਦੇ ਹਨ
ਇਕ ਅਹਿਸਾਸ ਹੁੰਦਾ ਹੈ
ਸਮੇਂ ਦੇ ਹੋਰ ਤਿੰਨ ਸੌ ਪੈਂਹਠ
ਦੰਦਿਆਂ 'ਚ ਵਿੰਨ੍ਹਿਆਂ
ਕਿਵੇਂ ਲਹੂ ਲੁਹਾਨ ਹੋ ਚੁੱਕਿਆਂ।
ਨਵੇਂ ਚੱਕਰ 'ਚ ਛਲਣੀ ਹੋਣ ਤੋਂ ਪਹਿਲਾਂ
ਨਾ ਹਾਸਾ ਹੈ
ਨਾ ਹੰਝੂ ਹਨ
ਨਾ ਪੀੜਾਂ ਦੀ ਹੀ ਪਰਵਾਹ ਹੈ
ਜੇ ਗ਼ਮ ਹੈ ਤਾਂ ਸਿਰਫ ਏਹੋ
ਕਿ ਹੱਡੀਆ ਤੋੜ ਕੇ ਵੀ
ਕਿਉਂ ਮੈਂ ਦੰਦੇ ਤੋੜ ਨਹੀਂ ਸਕਿਆ।

## ਕਿਰਨਾਂ ਦਾ ਕਾਫ਼ਲਾ

ਤੁਸੀਂ ਕੌਣ ਹੋ ਜੋ ਮੈਨੂੰ
ਸੱਚ ਦੇ ਹਸ਼ਰ ਤੋਂ
ਜਾਣੂ ਕਰਾਉਂਦੇ ਹੋ
ਮੈਨੂੰ ਪਤਾ ਹੈ
ਜੋ ਸੁਕਰਾਤ ਨਾਲ ਬੀਤੀ ਸੀ
ਪਰ ਉਸ ਦੇ ਪਿੱਛੋਂ
ਦੰਭੀ ਝੂਠੇ ਜ਼ਾਲਿਮਾਂ ਦੀ
ਜੋ ਦੁਰਗਤ ਹੋਈ ਸੀ
ਤੁਹਾਡਾ ਵੀ ਹੁਣ
ਓਹੀ ਅੰਜਾਮ ਹੋਵੇਗਾ।
ਤੁਸੀਂ ਜ਼ਾਰ ਸ਼ਾਹੀਆਂ ਦੇ ਸਾਕੇ
ਮੁੜ ਮੁੜ ਦੁਹਰਾਉਂਦੇ ਹੋ
ਪਰ ਇਤਿਹਾਸ ਦਾ ਪਹੀਆ ਹੁਣ
ਅੱਧਾ ਨਹੀਂ, ਸਾਰਾ ਹੀ ਘੁੰਮੇਗਾ
ਮੇਰੀ ਕਲਮ ਨੂੰ
ਲੋਕਾਂ ਦੀ ਪੀੜਾ ਨੇ
ਚੰਡੀ ਬਣਾਇਆ ਹੈ

ਤੇ ਮੈਂ ਇਸ 'ਚੋਂ
ਉਹ ਸਾਰੀ ਅੱਗ ਉਗਲਾਂਗਾ
ਜਿਸ ਅੱਗ 'ਚ ਤੁਸੀਂ ਮੈਨੂੰ
ਮੇਰੇ ਜਨਮ ਤੋਂ ਵੀ
ਪਹਿਲਾਂ ਜਲਾਇਆ ਹੈ
ਮੈਂ ਸੱਚ ਦੇ ਰਾਹਾਂ ਤੇ ਤੁਰਨ ਦਾ
ਜੋ ਇਕਰਾਰ ਕੀਤਾ ਹੈ
ਉਸ ਨੂੰ ਆਪਣੇ ਸਾਹਾਂ ਸੰਗ ਨਿਭਾਵਾਂਗਾ
ਤੁਸੀਂ ਜੋ ਵੀ ਕੀਮਤ ਕਹੋ
ਮੈਂ ਦੇਵਣ ਲਈ ਹਾਜ਼ਰ ਹਾਂ
ਮੇਰੇ ਵਰਗੇ ਕਿਸੇ ਇਕ ਦੇ
ਤੁਰ ਜਾਣ ਨਾਲ
ਕੀ ਫ਼ਰਕ ਪੈ ਚਲਿਐ
ਸੱਚ ਨੂੰ ਕਿਹੜਾ ਹਥਿਆਰ ਵਿੰਨ੍ਹੇਗਾ
ਕਿਰਨਾਂ ਦਾ ਕਾਫ਼ਲਾ ਤਾਂ
ਨਿੱਤ ਵਧਦਾ ਹੀ ਜਾਣਾ ਹੈ।

## ਅਧੋਗਤੀ

ਦੋਸਤੋ ! ਇਹ ਜੋ -
ਆਪਣੀ ਪਿਸ਼ੌਰੀ ਤਿੱਲੇਦਾਰ ਚੱਪਲ ਤੇ
ਇਨਕਲਾਬ ਲਿਖ ਕੇ
ਜਾਂ ਹਿੱਪੀਆਂ ਦਾ ਵੇਸ ਕਰ ਕੇ
ਰਖ ਨਿਆਰਾ ਨਾਮ ਆਪਣਾ
ਗਲ 'ਚ ਪਾ ਕੇ ਹੱਡੀਆਂ
ਪਿੱਠ ਤੇ ਕੋਈ ਨਾਅਰਾ ਉਕਰ ਕੇ
ਵਿਸਕੀ ਜਾਂ ਬੀਅਰ ਜਿੰਨ ਪੀ ਕੇ
ਆਪਣੇ ਜਿਹੀ ਬੇਸੁਰੀ
ਅਰਥਹੀਣ ਕਵਿਤਾ ਦੁਆਰਾ
ਪਲਟਣਾ ਚਾਹੁੰਦੇ ਨੇ ਯੁੱਗ
ਫਿਰ ਤਾਂ ਭਾਵੇਂ ਕਿਸੇ ਪਾਸੇ ਵੀ ਪਲਟੇ
ਇਹ ਯੁੱਗ ਜ਼ਰੂਰ ਪਲਟ ਜਾਵੇਗਾ।

## ਆਇਆ ਕੇਹਾ ਜ਼ਮਾਨਾ

ਚੋਰਾਂ ਗੁੰਡਿਆਂ ਬਦਲ ਲਿਆ ਹੈ ਜਦ ਤੋਂ ਆਪਣਾ ਬਾਣਾ।
ਇੱਜ਼ਤ ਵਾਲੇ ਡਰ ਜਾਂਦੇ ਨੇ ਦੂਰੋਂ ਦੇਖ ਕੇ ਥਾਣਾ।
ਜਬਰ ਜਨਾਹ ਤੇ ਕਰਨ ਸਮਗਲਿੰਗ ਲੋਕਾਂ ਦੇ ਰਖਵਾਲੇ,
ਰਿਸ਼ਵਤ ਅਤੇ ਬਲੈਕ ਦਾ ਕਰ ਗਿਆ ਉੱਨਤੀ ਹੋਰ ਜ਼ਮਾਨਾ।
ਨੱਬੇ ਲੱਖ ਦੀ ਕੋਠੀ 'ਤੇ ਵੀ 'ਗ਼ਰੀਬ ਨਿਵਾਸ' ਹੈ ਲਿਖਿਆ,
ਸਾਰੇ ਸ਼ਹਿਰ ਦਾ ਦਾਅਦਾ ਲਿਖਦੈ ਨਾਂ ਦੇ ਨਾਲ ਨਿਮਾਣਾ।
ਪੰਦਰਾਂ ਦਾ ਕਿਲੋ ਦੁੱਧ ਆਵੇ, ਡੇਢ ਸੌ ਘਿਉ ਦੇਸੀ,
ਕਿਹੜਾ ਗੱਭਰੂ ਬਣ ਸਕਦਾ ਹੈ ਕਿੱਕਰ, ਗੁੰਗਾ, ਗਾਮਾ।
ਆਟਾ, ਘਿਉ, ਬਾਲਣ, ਖੰਡ, ਦਾਲਾਂ ਸਭਨਾਂ ਨੂੰ ਅੱਗ ਲਗੀ,
ਐਪਰ ਘਰ ਵਿਚ ਠੰਡੇ ਚੁਲ੍ਹੇ, ਕਿਵੇਂ ਪਕਾਈਏ ਖਾਣਾ?
ਕਿਰਤੀ ਤਾਈਂ ਲੁੱਟੀ ਜਾਂਦੇ, ਸੇਠ ਸਾਧ ਨੇ ਰਲ ਕੇ,
ਉਸ ਨੂੰ ਆਖਣ ਬੰਦਿਆ ਮੰਨ ਤੂੰ ਹੱਸ ਕੇ ਰੱਬ ਦਾ ਭਾਣਾ।
ਪੰਜ ਰੁਪਈਏ ਲੈ ਕੇ ਵੀ ਹੁਣ ਕਾਕਾ ਖੁਸ਼ ਨਹੀਂ ਹੁੰਦਾ,
ਬਾਪੂ ਦਸਦੈ ਨੱਚ ਉੱਠਦੇ ਸਾਂ ਲੈ ਕੇ ਇੱਕੋ ਆਨਾ।
ਮਾਤਾ ਪਿਤਾ ਆਖਣੋਂ ਆਪਣੇ ਬੱਚੇ ਅਸੀਂ ਹਟਾਏ,
ਫੁੱਲ ਕੇ ਕੁੱਪਾ ਹੋ ਜਾਂਦੇ ਹਾਂ ਸੁਣ ਕੇ ਪਾਪਾ ਮਾਮਾ।
ਮੇਕ-ਅੱਪ ਕੁੜੀ ਨੂੰ ਹੀਰ ਬਣਾਏ ਮੁੰਡੇ ਤਾਈਂ ਰਾਂਝਾ,
ਫਿਲਮੀਂ ਦੁਨੀਆਂ ਵਾਂਗ ਬਦਲਦੇ ਪਿਆਰ ਦਾ ਨਿੱਤ ਅਫ਼ਸਾਨਾ।
ਤਾਨ ਸੈਨ, ਬੈਜੂ ਤੇ ਸਹਿਗਲ ਦਾ ਨਾਂ ਜਾਣੇ ਕਿਹੜਾ,
ਅੱਜ ਦੇ ਨਕਲੀ ਲੈਲਾ-ਮਜਨੂੰ ਗਾਂਦੇ ਬੇਸੁਰ ਗਾਣਾ।
ਵੱਡਿਆਂ ਸਾਹਿਬਾਂ ਦੇ ਭੱਤੇ ਨੇ ਹੁੰਦੇ ਦੂਣ ਸਵਾਏ,
ਲੋਕਾਂ ਦੀ ਹਰ ਮੰਗ ਵਾਸਤੇ ਖ਼ਾਲੀ ਰਹੇ ਖ਼ਜ਼ਾਨਾ।
ਜਿਸ ਕੁਰਸੀ ਲਈ ਵਾਂਗ ਮਦਾਰੀ ਲੀਡਰ ਕਰਨ ਤਮਾਸ਼ੇ,
ਉਹ ਕੁਰਸੀ 'ਕੁਲਵੰਤ' ਪਤਾ ਨਹੀਂ ਕਿਹੜੇ ਪਲ ਖੁੱਸ ਜਾਣਾ।

## ਝੁੱਗੀਆਂ ਵਾਲੇ

ਝੁੱਗੀਆਂ ਵਾਲੇ ਬਾਬੇ ਨੂੰ
ਜਦ ਕੋਈ ਕਹਿੰਦੈ
ਹੁਣ ਤਾਂ ਦੇਸ਼ ਆਜ਼ਾਦ ਹੈ ਸਾਡਾ
ਲੋਕ ਰਾਜ ਦਾ ਯੁੱਗ ਹੈ ਆਇਆ
ਹੁਣ ਸਰਕਾਰਾਂ ਲੋਕ ਬਣਾਂਦੇ-
ਤਾਂ ਉਹ ਬੜੀ ਹੈਰਾਨੀ ਦੇ ਵਿਚ
ਇਉਂ ਕਹਿੰਦਾ ਹੈ –
ਕਿ ਹਰ ਕੁਝ ਵਰਿਆਂ ਦੇ ਪਿੱਛੋਂ
ਵੋਟਾਂ ਵੂਟਾਂ ਪਾਵਣ ਬਦਲੇ
ਧੜੀ ਧੜੀ ਮਿਲ ਜਾਵਣ ਦਾਣੇ
ਜਾਂ ਕੋਈ ਚਗਲੀ ਹੋਈ ਰਜਾਈ
ਜਾਂ ਸਭਨਾਂ ਨੂੰ ਜੀਆਂ ਸੇਤੀ
ਦਸ ਵੀਹ ਛਿਲੜ ਕਦੀ ਕਦਾਈਂ
ਧਰਮੀ ਨੇਤਾ ਵੰਡ ਜਾਂਦੇ
ਦੇਸੀ ਦਾਰੂ ਭੁੱਕੀ ਅਤੇ
ਅਫੀਮ ਦੇ ਗੋਲੇ
ਜ਼ੋਰਾਂਵਰਾਂ ਦਾ ਡਰ ਹੁੰਦਾ ਹੈ
ਹੱਡੀਆਂ ਨਾਂਹ ਭੰਨ ਦੇਣ ਅਜਾਈਂ
ਮਿੱਟੀ ਦੀ ਚੁੱਲ ਅਤੇ ਕੁਨਾਲੀ
ਪੁਸ਼ਤਾਂ ਤੇ ਬਾਰਾਤ ਅਸਾਡੀ
ਆਪਣੇ ਪਿਉ ਦਾਦੇ ਦੇ ਵਾਗੂੰ
ਸਿਰਕੀਆਂ ਦੇ ਵਿਚ ਜੂਨ ਬਿਤਾਈਏ।

ਬਿਨਾਂ ਕਸੂਰੋਂ ਕੁੱਟ ਪੁਲਸ ਤੋਂ
ਉਹ ਖਾਂਦੇ ਸਨ, ਅਸੀਂ ਵੀ ਖਾਈਏ
ਖਵਰੇ ਏਸੇ ਨੂੰ ਹੁਣ ਲੋਕੀਂ
ਕਹਿੰਦੇ ਨੇ ਜੀ
ਆਪਣਾ ਰਾਜ ਅਤੇ ਆਜ਼ਾਦੀ
ਪਰ ਸਾਨੂੰ ਤਾਂ ਪਤਾ ਨਹੀਂ ਕੁਝ ਹੋਰ ਵਧੇਰੇ
ਅੱਜ ਵੀ ਸਾਡੀ ਧੀ ਭੈਣ ਸੰਗ
ਮਿਲਖਾਂ ਵਾਲੇ
ਸਾਰਾ ਦਿਨ ਮਿਹਨਤ ਕਰਵਾ ਕੇ
ਧਿੰਗੋਜ਼ੋਰੀ ਜਦ ਜੀ ਚਾਹੇ
ਆਪਣੀ ਹੱਵਸ ਮਿਟਾ ਲੈਂਦੇ ਨੇ
ਓਹੀਓ ਫਟੇ ਪੁਰਾਣੇ ਜੁੱਲੇ
ਡੇਰੇ ਸਾਡੇ ਭੁੱਖ ਬਿਮਾਰੀ
ਨੰਗ ਧੜੰਗੇ ਬੱਚੇ ਸਾਡੇ
ਗਰਮੀ ਸਰਦੀ ਮਿੱਟੀ ਘੱਟੇ
ਮੀਂਹ ਹਨੇਰੀ ਦੇ ਵਿਚ ਰੁੱਲਦੇ
ਅਸੀਂ ਉਹਨਾਂ ਨੂੰ ਕੀ ਦੇਣਾ ਹੈ
ਰੋਟੀ ਰੱਜਵੀਂ ਦੇ ਨਹੀਂ ਸਕਦੇ
ਝੁੱਗੀਆਂ ਵਾਲੇ ਅਸੀਂ ਜੋ ਹੋਏ
ਜੇ ਆਜ਼ਾਦੀ ਏਹੋ ਕੁਝ ਹੈ
ਤਾਂ ਸਦੀਆਂ ਤੋਂ
ਅਸੀਂ ਆਜ਼ਾਦੀ ਮਾਣ ਰਹੇ ਹਾਂ
ਲੋਕ ਰਾਜ ਕੋਈ ਨਵੀਂ ਬਲਾ ਹੈ।

# ਸਾਹਿਤਕਾਰ

ਸਾਹਿਤ ਸੰਮੇਲਨ ਕਰਨ ਵਾਸਤੇ
ਏਸ ਸ਼ਹਿਰ ਵਿਚ ਸਾਹਿਤਕਾਰ ਹਨ
ਦੂਰੋਂ ਦੂਰੋਂ ਚਲ ਕੇ ਆਏ
ਸਾਹਿਤਕਾਰ-
ਇਹ ਜੋ ਸਮਝਣ ਆਪਣੇ ਤਾਈਂ
ਇਸ ਧਰਤੀ ਦੇ ਚੰਨ ਤੇ ਸੂਰਜ
ਰੂਸੋ ਠਾਕੁਰ ਟਾਲਸਟਾਏ
ਥਾਉਂ ਥਾਈਂ ਗੁੱਟ ਬਣਾ ਕੇ
ਮੂੰਹ ਦੇ ਉੱਤੇ ਇਕ ਦੂਜੇ ਦੀ
ਉਪਮਾਂ ਕਰਦੇ ਕਦੇ ਨਾ ਥਕਦੇ
ਵਾਹ ! ਵਾਹ!! ਤੇਰੀ ਰਚਨਾ ਦਾ ਕੀ ਕਹਿਣਾ
ਨਿਰਜਿੰਦ ਹੋ ਚੁੱਕੇ ਸਾਹਿਤ ਵਿਚ
ਤੂੰ ਹੈ ਇਕ ਨਵੀਂ ਰੂਹ ਪਾਈ
ਕੀਤੀ ਸਭਨਾਂ ਦੀ ਅਗਵਾਈ
ਸਾਹਿਤਕਾਰ ਉਹ ਭਾਗਾਂ ਵਾਲਾ
ਆਪਣੀ ਖੁਸ਼ੀ ਨੂੰ ਨੱਪ ਨੱਪ ਹੱਸੇ
ਤੇ ਇਉਂ ਆਖੇ -
'ਮੈਂ ਤਾਂ ਇਕ ਨਿਮਾਣਾ ਬੰਦਾ
ਜੋ ਜੀਅ ਆਵੇ
ਐਂਵੇਂ ਹੀ ਬਸ ਲਿਖ ਦੇਂਦਾ ਹਾਂ
ਇਹ ਹੈ ਸਭ ਤੁਸਾਂ ਦੀ ਕਿਰਪਾ
ਜੋ ਮੈਨੂੰ ਹੋ ਮਾਣ ਬਖ਼ਸ਼ਦੇ
ਮਿੰਨਾਂ ਹਾਸਾ ਇਕ ਵਾਰੀ ਫਿਰ
ਸਾਰੇ ਹੱਸਣ
ਪ੍ਰਸੰਸਾ ਦੀ ਝੋਲੀ ਭਰ ਕੇ
ਜਦ ਉਹ ਰਤਾ ਪਰ੍ਹਾਂ ਤੁਰ ਜਾਵੇ
ਸਾਰੇ ਆਖਣ ਇਕ ਦੂਜੇ ਨੂੰ
ਇਹ ਵੀ ਆਪਣੇ ਆਪ ਤਾਈਂ ਹੈ
ਵੱਡਾ ਸਾਹਿਤਕਾਰ ਸਮਝਦਾ।

## ਮਦਾਰੀਨਾਮਾ

ਚੋਰ ਬਜ਼ਾਰੀ, ਮਿਲਾਵਟ ਸਮਗਲਿੰਗ
ਜਿੰਨੀਂ ਵੀ ਚਾਹੋ ਰਜ ਕੇ ਕਰੋ
ਪਰ ਇਲੈਕਸ਼ਨ ਫੰਡ ਅਫਸਰਾਂ ਦਾ ਹਿੱਸਾ
ਜਿੰਨਾਂ ਬਣੇ, ਵਕਤ ਤੇ ਪਹੁੰਚਾ ਦਿਓ
ਸੰਵਿਧਾਨ ਤੇ ਕਾਨੂੰਨ ਦੇ ਪਿੰਡੇ ਤੇ ਫਿਰ
ਜੂੰ ਤਕ ਨਹੀਂ ਸਰਕਣੀ
ਸਗੋਂ ਤੁਹਾਡਾ ਸ਼ੁਮਾਰ
ਸ਼ਹਿਰ ਦੇ ਪਤਵੰਤਿਆਂ ਦੀ
ਪਹਿਲੀ ਕਤਾਰ ਦੇ ਵਿਚ ਹੋਏਗਾ।
ਕੀ ਕਹਿੰਦੇ ਹੋ
ਲੋਕ ਮਰ ਜਾਣਗੇ
ਪਏ ਮਰਨ
ਬੇਕਾਰੀ ਤੇ ਵਧ ਰਹੀ ਵਸੋਂ ਦੀ
ਕੁਝ ਤਾਂ ਸਮਸਿਆ ਘਟੇਗੀ
ਤੇ ਜੋ ਇਨਕਮ ਟੈਕਸ ਦੀ
ਹੇਰਾ ਫੇਰੀ ਦੀ ਗਲ ਕਰਦੇ ਹੋ
ਰਹਿਣ ਦਿਓ ਜੀ ਛੱਡੋ ਪਰੇ

ਸਾਨੂੰ ਆਪਣੇ ਟੈਕਸ ਤੇ ਬਿੱਲ ਦੇਣੇ ਵੀ
ਭਲਾ ਕੋਈ ਔਖੇ ਨੇ
ਕਿਸੇ ਨੂੰ ਵੀ ਇਸ਼ਾਰਾ ਕਰ ਸਕਦੇ ਹਾਂ
ਪਰ ਸ਼ਰਾਫਤ ਵੀ ਤਾਂ ਕੋਈ ਚੀਜ਼ ਹੁੰਦੀ ਏ
ਦੇਸ਼ ਦਿਆਂ ਸੇਵਾਦਾਰਾਂ ਤੇ
ਰਿਸ਼ਵਤ ਕੁਨਬਾ ਪਰਵਰੀ ਦੇ
ਨਿੱਕੇ ਮੋਟੇ ਦੂਸ਼ਣ ਲਾਉਣੇ ਠੀਕ ਨਹੀਂ
ਤੁਸੀਂ ਗਿਲਾ ਕਰਦੇ ਹੋ
ਐਸੇ ਕਾਨੂੰਨ ਦੀ ਅਣਹੋਂਦ ਦਾ
ਜੋ ਸਰਮਾਏਦਾਰੀ ਦਾ ਸਫਾਇਆ ਕਰ ਸਕੇ
ਪਰ ਅਸੀਂ ਇਖਲਾਕ ਵਾਲੇ
ਲੂਣ ਖਾ ਕੇ ਹਰਾਮ ਕਿੰਵੇਂ ਕਰੀਏ
ਕੀ ਹੋਇਆ ਜੇ ਅਸੀਂ ਕੁਝ ਕਰਦੇ ਨਹੀਂ
ਤੁਸੀਂ ਸਾਨੂੰ ਦਾਦ ਦੇਵੋ
ਕਿ ਮਦਾਰੀਆਂ ਵਾਂਗੂੰ
ਕਿੰਨੀਂ ਛੇਤੀ ਭੇਸ ਵਟਾ ਕੇ
ਅਸੀਂ ਵੰਨ ਸੁਵੰਨੇ
ਨਾਅਰੇ ਲਗਾਉਂਦੇ ਹਾਂ।

## ਮਲਾਹ

ਮਾਈਕ ਦੇ ਸਾਹਵੇਂ ਰੌਲਾ ਪਾਂਦੇ
ਰੁੱਸੇ ਜਾਂਦੇ ਮਹਾਂ ਕਵੀ ਨੂੰ
ਉਸ ਦੇ ਸਾਥੀ
ਮਿੰਨਤ ਕਰ ਹਨ ਮੋੜ ਲਿਆਏ
ਕਵੀ ਸੰਮੇਲਨ ਅੱਜ ਰਾਤ ਦਾ
ਨਿੱਕੀ ਮੋਟੀ ਗਰਮੀਂ ਪਿੱਛੋਂ
ਹੋ ਚੁਕਿਐ ਨਿਰ-ਵਿਘਨ ਸਮਾਪਤ
ਅੱਗੇ ਕਦੀ ਤਾਂ ਇੰਝ ਨਹੀਂ ਹੋਇਆ।
ਕੁਝ ਕੁ ਰੌਲੇ ਰੱਪੇ ਪਿੱਛੋਂ
ਪੈਸਿਆਂ ਦੀ ਵੀ
ਹੋ ਚੁਕੀ ਹੈ, ਵੰਡ ਵੰਡਾਈ
ਬਿਨਾਂ ਲੜਾਈ
ਸਭ ਦੇ ਪਰਦੇ ਢੱਕਣ ਵਾਲੀ
ਰਾਤ ਦਾ ਨ੍ਹੇਰਾ ਵੱਧ ਚੁੱਕਾ ਹੈ
ਹੁਣ ਸਭਨਾਂ ਨੇ ਆਪਣੇ ਆਪਣੇ
ਹੱਥਾਂ ਦੇ ਵਿਚ ਜਾਮ ਫੜੇ ਨੇ
ਤੇ ਫਿਰ ਚਲ ਪਈਆਂ ਨੇ ਗੱਲਾਂ

ਸਭ ਤੋਂ ਬਹੁਤੀ ਕੌਣ ਹੈ ਪੀਂਦਾ
ਕੌਣ ਹੈ ਜਿਸ ਨੇ
ਇਸ਼ਕ ਦਾ ਕਾਲਾ ਮੰਤਰ ਪੂਰਾ
ਸਿੱਧ ਕੀਤਾ ਹੈ
ਜਿਸ ਦੇ ਪਿੱਛੇ
ਪਰੀਆਂ ਦੇ ਹਨ ਟੋਲੇ ਫਿਰਦੇ
ਕਿਸ ਕਿਸ ਕਵੀ ਅਤੇ ਕਵਿਤ੍ਰੀ
ਦੇ ਆਪਸ ਵਿਚ ਹਨ ਦਿਲ ਮਿਲਦੇ
ਏਸ ਹੁਨਰ ਵਿਚ ਹਰ ਸ਼ਾਇਰ ਹੁਣ
ਆਪਣੇ ਤਾਈਂ ਮਾਹਿਰ ਦਸੇ
ਕਿਹੜਾ ਫਾਡੀ ਰਹਿਣਾ ਚਾਹੇ
ਅਗਾਂਹ ਵਧੂ ਇਸ ਯੁੱਗ ਦੇ ਅੰਦਰ
ਪਿਛਾਂਹ ਖਿੱਚੂ ਕੌਣ ਕਹਾਏ ?
ਜਦੋਂ ਮਲਾਹ ਹੀ, ਨਿੱਕੇ ਨਿੱਕੇ ਪਾਣੀ ਦੇ ਵਿਚ
ਡੁੱਬਦੇ ਪਏ ਨੇ,
ਬੇੜੀ ਦਾ ਤਾਂ ਰੱਬ ਰਾਖਾ ਏ।

## ਅਹਿਸਾਸ

ਮੇਰੀ ਰੋਟੀ ਹੁਣ ਮੈਨੂੰ
ਦੋ ਵਕਤ ਖਾਂਦੀ ਹੈ
ਤੇ ਮੇਰੀ ਕੋਠੜੀ ਦੀ ਛੱਤ
ਮੇਰੇ ਤੇ ਆਣ ਡਿੱਗਦੀ ਹੈ
ਉਦੋਂ ਇਕੱਲਾ ਮੈਂ ਨਹੀਂ ਹੁੰਦਾ
ਮੇਰੇ ਜ਼ਿਹਨ 'ਚ
ਫੁੱਟ-ਪਾਥਾਂ ਤੇ ਰੁਲਦੇ
ਹਜ਼ਾਰਾਂ ਲੋਕ ਹੁੰਦੇ ਨੇ।
ਹੁਣ ਮੇਰੀ ਕਲਮ ਜਦ
ਮੇਰੇ ਹੱਥਾਂ 'ਚ ਹੁੰਦੀ ਹੈ
ਤਾਂ ਇਉਂ ਲਗਦਾ ਹੈ
ਜਿਵੇਂ ਭ੍ਰਿਸ਼ਟ,
ਲੁਟੇਰੇ, ਜ਼ਾਲਿਮ ਹਾਕਮਾਂ
ਸਰਮਾਇਦਾਰਾਂ ਵਿਰੁੱਧ
ਮਜ਼ਦੂਰਾਂ ਸੰਗ ਲੜ ਰਿਹਾ ਹੋਵਾਂ
ਫਿਰ ਪਤਾ ਨਹੀਂ ਕਦ ਕੋਈ
ਭਰੀ ਪਸਤੌਲ
ਮੇਰੀ ਕਨਪਟੀ ਤੇ ਆਣ ਧਰਦਾ ਹੈ
ਤੇ ਸੱਚ ਮੇਰੇ ਹੋਠਾਂ ਤੇ
ਆਉਣ ਤੋਂ ਪਹਿਲਾਂ ਹੀ
ਦਮ ਤੋੜ ਜਾਂਦਾ ਹੈ
ਹੁਣ ਮੈਂ ਰੋਟੀ ਨਹੀਂ ਖਾਂਦਾ
ਮੇਰੀ ਰੋਟੀ ਹੀ ਮੈਨੂੰ
ਦੋ ਵਕਤ ਖਾਂਦੀ ਹੈ
ਸੋਚਦਾਂ ਹਾਂ ਹੋਰ ਕਿੰਨੀਂ ਦੇਰ ਤਕ
ਮੇਰਾ ਕਰਮਹੀਣ ਆਪਾ
ਅਮਲਾਂ ਦੇ ਸ਼ੀਸ਼ੇ ਸਾਹਮਣੇ
ਮਿੱਟੀ ਦਾ ਢੇਰ ਬਣਦਾ ਰਹੇਗਾ।

## ਅਹਿੰਸਾ ਅਤੇ ਸਮਾਜਵਾਦ

ਜਦੋਂ ਵੀ ਕਦੀ ਚਿੜੀਆਂ ਨੇ
ਕਿਸੇ ਜ਼ਾਲਮ, ਬਾਜ ਨੂੰ
ਉਸ ਦੇ ਜ਼ੁਲਮਾਂ ਦੀ
ਸਜ਼ਾ ਦਿਤੀ ਹੈ
ਤਾਂ ਪਹਿਰੇਦਾਰਾਂ ਨੇ
ਹਿੰਸਾ ਹਿੰਸਾ ਦਾ
ਖ਼ੂਬ ਸ਼ੋਰ ਪਾਇਆ ਹੈ
ਪਰ ਜਦੋਂ ਚਿੱਟੇ ਬਗਲੇ
ਅਹਿੰਸਾ ਦਾ ਲਿਬਾਸ ਪਹਿਣਕੇ
ਰੋਜ਼ ਮਾਸੂਮ ਮੱਛੀਆਂ ਦਾ
ਆਹਾਰ ਕਰਦੇ ਨੇ
ਤਾਂ ਰੇਡੀਓ ਤੇ
ਅਹਿੰਸਾ ਦੇ ਗੀਤ ਵਜਦੇ ਨੇ
ਜਦੋਂ ਕਦੀ ਵੀ
ਕਿਸੇ ਸ਼ਾਹੀ ਮਹੱਲ ਦੇ
ਉੱਲੂ ਜਾਂ ਬਿਲ ਬਤੌਂਗੀ ਨੇ
ਅਹਿੰਸਾ ਜਾਂ ਸਮਾਜਵਾਦ ਦਾ
ਨਾਅਰਾ ਲਗਾਇਆ ਹੈ
ਤਾਂ ਲੂੰਬੜ ਮੁਸਕ੍ਰਾਏ ਹਨ
ਬਘਿਆੜਾਂ ਤੇ ਗਿੱਦੜਾਂ ਨੇ
ਜਸ਼ਨ ਕੀਤੇ ਹਨ
ਪਰ ਘੁੱਗੀਆਂ ਗੁਟਾਰਾਂ ਦੀ
ਸ਼ਾਮਤ ਹੋਰ ਆਈ ਹੈ
ਬੱਕਰਾ ਜਾਣਦਾ ਹੈ ਕਿ
ਬੁੱਚੜਖਾਨੇ ਵਿਚ
ਰਾਮ, ਵਾਹਿਗੁਰੂ, ਅੱਲਾ
ਕਹਿਣ ਵਾਲੇ ਹਰ ਕਸਾਈ ਦੀ
ਕੀ ਨੀਅਤ ਹੁੰਦੀ ਹੈ
ਪਰ ਜਦੋਂ ਵੀ ਇਤਿਹਾਸ ਦੀ
ਸਹੀ ਪਾਸੇ ਕਰਵੱਟ ਬਦਲਦੀ ਹੈ
ਤਾਂ ਸ਼ਬਦਾਂ ਦੇ ਅਰਥ
ਅਸਲ ਠੀਕ ਹੁੰਦੇ ਨੇ
ਕੋਈ ਭੁਲੇਖਾ ਨਹੀਂ ਹੁੰਦੇ।

## ਰੋਜ਼ ਦਾ ਅਨੁਭਵ

ਅਜੇ ਮੈਂ ਕਲ ਹੀ ਸਹੁੰ ਖਾਧੀ ਸੀ
ਝੂਠ ਨਹੀਂ ਹੁਣ ਕਦੀ ਬੋਲਣਾ
ਆਪਣੇ ਨੰਨੇ ਮੁੰਨੇ ਅੱਗੇ
ਜੋ ਕਹਿਣਾ ਹੈ ਸੱਚ ਕਹਿਣਾ ਹੈ
ਪਰ ਅੱਜ ਜਦੋਂ ਲਾਡਲਾ ਮੇਰਾ
ਮੇਲੇ ਦੇ ਵਿਚ ਮੈਥੋਂ ਕੋਈ
ਖਾਣ ਵਾਸਤੇ ਸ਼ੈਅ ਮੰਗਦਾ ਹੈ
ਮੈਂ ਕਹਿੰਦਾ ਹਾਂ–
"ਕਾਕਾ ਇਹ ਨਹੀਂ ਆਪਾਂ ਖਾਣੀ
ਇਹ ਤਾਂ ਚੀਜ਼ ਬੜੀ ਹੈ ਗੰਦੀ"
ਏਨਾ ਕਹਿ ਕੇ
ਉਸ ਦੇ ਤਾਈਂ ਟਾਲ ਰਿਹਾ ਹਾਂ
ਭਾਵੇਂ ਮੇਰਾ ਆਪਣਾ ਵੀ ਤਾਂ
ਓਸੇ ਚੀਜ਼ ਨੂੰ ਜੀਅ ਕਰਦਾ ਹੈ
ਫਿਰ ਮੈਂ ਉਸ ਨੂੰ ਕਹਿ ਦੇਂਦਾ ਹਾਂ–
"ਕਾਕਾ ਅਗਲੀ ਹੱਟੀ ਚਲੀਏ
ਓਥੋਂ ਬੜੀ ਹੀ ਵਧੀਆ ਚੀਜੀ
ਅਤੇ ਖਿਡਾਉਣੇ ਅਸੀਂ ਲਵਾਂਗੇ
ਲਾਰੇ ਲਾਂਦਾ ਤੇ ਵਰਚਾਂਦਾ
ਭਵ ਸਾਗਰ 'ਚੋਂ ਲੰਘ ਆਇਆ ਹਾਂ

ਭਾਵੇਂ ਮੇਰਾ ਬੱਚਾ ਹੁਣ ਕੁਝ
ਡੁਸਕ ਰਿਹਾ ਹੈ ਸਿਸਕ ਰਿਹਾ ਹੈ
ਤੇ ਹੰਝੂਆਂ ਨੇ ਉਸ ਦੀਆਂ ਗਲ੍ਹਾਂ,
ਭਿਉਂ ਦਿਤੀਆਂ ਨੇ ਧੋ ਦਿਤੀਆਂ ਨੇ
ਪਰ ਸਾਡੇ ਦੋਹਾਂ ਲਈ ਇਹ ਤਾਂ
ਹਰ ਰੋਜ਼ ਦਾ ਹੀ ਅਨੁਭਵ ਹੈ
ਕਿਹੜੀ ਕੋਈ ਵੱਖਰੀ ਗੱਲ ਹੈ।
ਜੇਬ ਮੇਰੀ ਵਿਚ ਇਕ ਚਵਾਨੀ
ਬੜੇ ਚਿਰਾਂ ਦੀ ਰੜਕ ਰਹੀ ਹੈ
ਫੁੱਲੀਆ ਲੈ ਬੱਚੇ ਦੀਆਂ ਨਿੱਕੀਆਂ
ਹੁਣ ਮੈਂ ਜੇਬਾਂ ਭਰ ਦਿਤੀਆਂ ਹਨ
ਤੇ ਉਹ ਰਤਾ ਕੁ ਮੁਸਕਾਇਆ ਹੈ
ਮੈਨੂੰ ਵੀ ਧਰਵਾਸ ਜਿਹਾ ਹੈ
ਆਪਣੇ ਘਰ ਨੂੰ,
ਸੱਖਣੇ ਅਸੀਂ ਨਹੀਂ ਪਰਤੇ ਹਾਂ।

# ਅੰਤਰ

ਇਕ ਔਰਤ ਮੇਰੇ ਦੇਸ਼ ਦੀ ਜਿਉਂ ਮਲਕਾ ਰਾਣੀ।
ਲੱਖ ਔਰਤ ਮੇਰੇ ਦੇਸ਼ ਦੀ ਪਰ ਭੁੱਖੀ ਭਾਣੀ।
ਇਕ ਔਰਤ ਮੇਰੇ ਦੇਸ਼ ਦੀ ਬਹਿ ਹੁਕਮ ਚਲਾਵੇ,
ਲੱਖ ਔਰਤ ਮੇਰੇ ਦੇਸ਼ ਦੀ ਪਰ ਨਰਕ ਹੰਢਾਵੇ।
ਇਕ ਔਰਤ ਮੇਰੇ ਦੇਸ਼ ਦੀ ਮਹਿਲਾਂ ਦੇ ਉੱਤੇ,
ਲੱਖ ਔਰਤ ਮੇਰੇ ਦੇਸ਼ ਦੀ ਜਿਹਨੂੰ ਖਾਵਣ ਕੁੱਤੇ।
ਇਕ ਔਰਤ ਮੇਰੇ ਦੇਸ਼ ਦੀ ਜਿਦ੍ਹਾ ਵੇਸ ਬਹੁ-ਰੰਗਾ,
ਲੱਖ ਔਰਤ ਮੇਰੇ ਦੇਸ਼ ਦੀ ਜਿਦ੍ਹਾ, ਕੱਜਣ ਨੰਗਾ।
ਇਕ ਔਰਤ ਮੇਰੇ ਦੇਸ਼ ਦੀ ਤਨ ਅਤਰੀਂ ਧੋਵੇ,
ਲੱਖ ਔਰਤ ਮੇਰੇ ਦੇਸ਼ ਦੀ ਜੋ ਕੂੜਾ ਢੋਵੇ।
ਇਕ ਔਰਤ ਮੇਰੇ ਦੇਸ਼ ਦੀ ਫੁੱਲਾਂ ਤੇ ਤੁਰਦੀ,
ਲੱਖ ਔਰਤ ਮੇਰੇ ਦੇਸ਼ ਦੀ ਕੰਡਿਆ ਵਿਚ ਰੁਲਦੀ।
ਇਕ ਔਰਤ ਮੇਰੇ ਦੇਸ਼ ਦੀ ਭਵਨਾਂ ਵਿਚ ਪਲਦੀ,
ਲੱਖ ਔਰਤ ਮੇਰੇ ਦੇਸ਼ ਦੀ ਭੱਠੀ ਵਿਚ ਬਲਦੀ।
ਇਕ ਔਰਤ ਮੇਰੇ ਦੇਸ਼ ਦੀ ਜੋ ਲੱਦੀ ਹਾਰੀਂ,
ਲੱਖ ਔਰਤ ਮੇਰੇ ਦੇਸ਼ ਦੀ ਜੋ ਵਿਕੇ ਬਾਜ਼ਾਰੀਂ।
ਇਕ ਔਰਤ ਮੇਰੇ ਦੇਸ਼ ਦੀ ਜਿਦ੍ਹੇ ਸੈਆਂ ਚਾਕਰ,
ਲੱਖ ਔਰਤ ਮੇਰੇ ਦੇਸ਼ ਦੀ ਜ਼ਿੰਦਗੀ ਤੋਂ ਆਤਰ।
ਇਕ ਔਰਤ ਮੇਰੇ ਦੇਸ਼ ਦੀ ਲੱਖ ਮੌਜਾਂ ਕਰਦੀ,
ਲੱਖ ਔਰਤ ਮੇਰੇ ਦੇਸ਼ ਦੀ ਨਿੱਤ ਹੌਕੇ ਭਰਦੀ।
ਇਕ ਔਰਤ ਮੇਰੇ ਦੇਸ਼ ਦੀ ਨਿੱਤ ਭਾਸ਼ਣ ਵੰਡੇ,
ਲੱਖ ਔਰਤ ਮੇਰੇ ਦੇਸ਼ ਦੀ ਜਿਦ੍ਹੇ ਚੁਲ੍ਹੇ ਠੰਡੇ।

## ਇਹ ਦੁਨੀਆਂ

ਇਹ ਦੁਨੀਆਂ ਵੀ ਕਾਹਦੀ ਦੁਨੀਆਂ
ਜਿੱਥੇ ਗ਼ਮੀਆਂ ਵਿਚ ਤਾਂ ਰੋਣਾ
ਐਪਰ ਕੋਈ ਵੀ ਖ਼ੁਸ਼ੀ ਅਸਾਡੀ
ਬਿਨ ਹੰਝੂਆਂ ਨਾਂਹ ਆਵੇ।
ਇਹ ਦੁਨੀਆਂ ਵੀ ਕਾਹਦੀ ਦੁਨੀਆਂ
ਜਿਥੇ ਕੇਵਲ ਥੁੜ ਪੈਸੇ ਦੀ
ਸਾਡੀਆ ਰੀਝਾਂ ਸਾਡੇ ਸੁਪਨੇ
ਤਰੁੰਡ ਮਰੁੰਡ ਕੇ ਲੈ ਜਾਵੇ।
ਇਹ ਦੁਨੀਆਂ ਵੀ ਕਾਹਦੀ ਦੁਨੀਆਂ
ਜਿਥੇ ਅਜੇ ਵੀ ਕਿਰਤੀ ਕਾਮਾ
ਅੱਧ ਭੁੱਖਾ ਅੱਧ ਨੰਗਾ ਰਾਤੀਂ
ਹਉਕੇ ਭਰਦਾ ਡੰਗ ਟਪਾਵੇ।
ਇਹ ਦੁਨੀਆ ਵੀ ਕਾਹਦੀ ਦੁਨੀਆਂ
ਜਿਥੇ ਅਜੇ ਵੀ ਸੋਚ ਮਨੁੱਖ ਦੀ
ਦਿਨੇ ਰਾਤ ਪਈ ਲੰਮੇ ਚੌੜੇ
ਕਿੰਨੇ ਕਬਰਸਤਾਨ ਬਣਾਵੇ।
ਇਹ ਦੁਨੀਆਂ ਵੀ ਕਾਹਦੀ ਦੁਨੀਆਂ
ਜਿਥੇ ਅਜੇ ਵੀ ਜੰਗ ਦੀ ਹੋਣੀ
ਪੀ ਪੀ ਕੇ ਰੱਤ ਮਾਨਵਤਾ ਦੀ
ਲਾਸ਼ਾਂ ਦੇ ਵੀ ਜਸ਼ਨ ਮਨਾਵੇ।

0

ਆਓ ਮਿਲ ਕੇ ਮੇਟੀਏ, ਪਾੜੇ ਦੀ ਗੱਲ।
ਆਓ ਮਿਲ ਕੇ ਢੂੰਡੀਏ, ਭੁੱਖਾਂ ਦਾ ਹੱਲ।
ਕਿਰਤ ਸਾਡੀ ਨੂੰ ਚੁਰਾ ਲੈ ਜਾਂਵਦੇ,
ਝੂਠ ਐਂਵੇਂ ਆਖਦੇ ਕਰਮਾਂ ਦਾ ਫੱਲ।
ਧਰਮ ਸੀਮਾਵਾਂ ਨੇ ਸਾਨੂੰ ਪਾੜਿਐ,
ਹੈ ਸਮਾਂ ਅਜੇ ਵੀ ਜਾਈਏ ਸੰਭਲ।
ਹੋਣ ਕੁਝ ਕਿਰਨਾਂ ਹਨੇਰਾ ਖਾ ਲਵੇ,
ਬਣ ਗਏ ਸੂਰਜ ਤਾਂ ਕਿੰਝ ਸਕੂ ਨਿਗਲ।
ਆਓ ਹੁਣ ਝੁਲੀਏ ਹਨੇਰੀ ਵਾਂਗਰਾਂ,
ਇਹ ਘੜੀ ਹੱਥਾਂ 'ਚੋਂ ਨਾ ਜਾਵੇ ਨਿਕਲ।
ਬੂੰਦ ਬੂੰਦ ਗਿਰ ਥਲੀਂ ਮਿਟਦੇ ਰਹੇ,
ਪਰ ਮਹਾਂ ਸਾਗਰ ਅਸੀਂ ਜਾਈਏ ਜੇ ਰਲ।
ਚੰਦ ਇਹ ਤਾਰੇ ਤਾਂ ਸਾਡੇ ਦਾਸ ਨੇ,
ਆਪਣੀ ਕਿਸਮਤ ਕਿਉਂ ਨਹੀਂ ਸਕਦੇ ਬਦਲ।
ਲੈ ਜਦੋਂ ਨੈਣਾਂ 'ਚ ਸੁਪਨੇ ਤੁਰ ਪਏ,
ਕੌਣ ਮੰਜ਼ਿਲ ਤੋਂ ਉਰਾਂ ਸਕੇਗਾ ਠੱਲ।

○

ਜੋ ਬੈਠ ਕਿਨਾਰੇ ਝੁਰਦੇ ਨੇ, ਉਹਨਾਂ ਨੂੰ ਕਿਨਾਰਾ ਮਿਲਣਾ ਕੀ
ਜੇ ਧਾਰ ਇਰਾਦਾ ਠਿੱਲ ਪਈਏ ਆ ਜਾਂਦਾ ਮਿਲਣ ਕਿਨਾਰਾ ਹੈ।
ਆਵੋ ਕਿ ਮਿੱਤਰੋ ਰਲ ਮਿਲ ਕੇ ਲੰਘ ਜਾਈਏ ਚੀਰ ਤੂਫਾਨਾਂ ਨੂੰ
ਕੰਮ ਕਿਹੜਾ ਹੈ ਜੋ ਦੁਨੀਆਂ ਦਾ ਹਿੰਮਤ ਦੇ ਸਾਹਵੇਂ ਭਾਰਾ ਹੈ।
ਸੌ ਵਾਰੀ ਕਲਿਆਂ ਕਲਿਆਂ ਨੇ ਮੱਥਾ ਤੁੜਵਾ ਕੇ ਵੇਖ ਲਿਐ,
ਹੈ ਦੇਰ ਇਕੱਠੇ ਹੋਵਣ ਦੀ ਢਹਿ ਜਾਣਾ ਕੂੜ ਮੁਨਾਰਾ ਹੈ।
ਆਵੋ ਕਿ ਆਪਣੇ ਹੱਕਾਂ ਲਈ ਸੰਗਰਾਮ ਦੇ ਰਾਹ ਤੇ ਡੱਟ ਜਾਈਏ,
ਦੰਭੀਆ ਦੇ ਝੂਠੇ ਲਾਰੇ ਤੇ ਨਾ ਹੁੰਦਾ ਹੋਰ ਗੁਜ਼ਾਰਾ ਹੈ।
ਨੀਂ ਉਂਗਲੋ ਨ੍ਹੇਰ ਦੀ ਚਾਦਰ ਦਾ ਤੁਸੀਂ ਪਰਦਾ ਲੀਰੋ ਲੀਰ ਕਰੋ,
ਹੋਇਆ ਕਿ ਸਵੇਰਾ ਹੋਇਆ ਬਸ ਪਿਆ ਕਹਿੰਦਾ ਫਜਰ ਦਾ ਤਾਰਾ ਹੈ।
ਇਸ ਜੱਗ ਵਿਚ ਕੰਮ ਕੀ ਨਾਗਾਂ ਦਾ ਲੋਕਾਂ ਨੂੰ ਬਚਾਵੋ ਇਹਨਾਂ ਤੋਂ,
ਮਿਹਨਤ ਨੇ ਧਰਤ ਸ਼ਿੰਗਾਰੀ ਹੈ, ਮਿਹਨਤ ਦਾ ਹੀ ਜੱਗ ਸਾਰਾ ਹੈ।

0

ਜਿਸ ਦਿਲ ਵਿਚ ਦਰਦ ਨਹੀਂ ਉਹ ਦਿਲ ਨਹੀਂ ਬੰਦੇ ਦਾ,
ਜੋ ਦਰਦੋਂ ਸੱਖਣਾ ਏਂ, ਇਨਸਾਨ ਨਹੀਂ ਹੈ।
ਕੀ ਪੂਜਾ ਤੋਂ ਲੈਣਾ ਏਂ, ਕੀ ਪਾਠਾਂ ਨੂੰ ਕਰਨਾ ਏਂ,
ਅਮਲਾਂ ਤੋਂ ਬਿਨਾਂ ਕੋਈ ਈਮਾਨ ਨਹੀਂ ਹੈ।
ਜੋ ਜ਼ੁਲਮਾਂ ਦੇ ਹੁੰਦੇ ਵੀ ਮਸਤੀ ਵਿਚ ਰਹਿੰਦਾ ਏ,
ਪੱਥਰ ਹੈ ਉਹ ਬੁੱਤ ਲੋਕੋ ਭਗਵਾਨ ਨਹੀਂ ਹੈ।
ਹੱਕ ਦੱਬਣੇ ਲੋਕਾਂ ਦੇ, ਰੱਤ ਪੀਣੀ ਮਜ਼ੂਰਾਂ ਦੀ,
ਹਰ ਧਰਮ ਦਾ ਇਸ ਤੋਂ ਵਧ ਅਪਮਾਨ ਨਹੀਂ ਹੈ।
ਸੱਚ ਸੂਲੀ ਤੇ ਲਟਕੇਗਾ ਓਨਾ ਚਿਰ ਏਂਵੇਂ ਹੀ,
ਜਿੰਨਾਂ ਚਿਰ ਕਾਤਿਲ ਦੀ ਪਹਿਚਾਣ ਨਹੀਂ ਹੈ।
ਮੈਂ ਕਿਦਾਂ ਮਨ ਜਾਵਾਂ, ਆਜ਼ਾਦੀ ਤੇ ਖ਼ੁਸ਼ਹਾਲੀ,
ਝੁੱਗੀਆ ਦੇ ਵਿਹੜੇ ਵਿਚ ਮੁਸਕਾਨ ਨਹੀਂ ਹੈ।
ਜੋ ਪਾਪ ਕਮਾਂਦਾ ਹੈ, ਹਰਾਮ ਵੀ ਖਾਂਦਾ ਹੈ,
ਉਸ ਕਾਜ਼ੀ ਨੂੰ ਕਿੰਝ ਆਖਾਂ ਸ਼ੈਤਾਨ ਨਹੀਂ ਹੈ।
ਦੌਲਤ ਸਨਮਾਨ ਤੁਸੀਂ ਕਿਸੇ ਹੋਰ ਨੂੰ ਦੇ ਦੇਵੋ,
ਮੈਨੂੰ ਬਖ਼ਸ਼ਿਸ਼ ਠੱਗਾਂ ਦੀ ਪਰਵਾਨ ਨਹੀਂ ਹੈ।
ਅੱਖੀਆਂ ਵਿਚ ਮੰਜ਼ਿਲ ਹੈ ਤੇ ਜਿਗਰਾ ਫੌਲਾਦੀ,
'ਕੁਲਵੰਤ' ਦਾ ਰਾਹ ਭਾਵੇਂ ਆਸਾਨ ਨਹੀਂ ਹੈ।

**1985 ਤੋਂ 1991 ਤਕ**
**ਪੰਜਾਬ ਸੰਕਟ ਕਾਲ ਸਮੇਂ ਲਿਖੀਆਂ ਕਵਿਤਾਵਾਂ**

## ਪੰਜਾਬ !

ਪੰਜਾਬ ਹੁਣ
ਨਾ ਗਾਉਂਦਾ ਹੈ ਨਾ ਨੱਚਦਾ ਹੈ
ਨਾ ਹੱਸਦਾ ਹੈ ਨਾ ਟੱਪਦਾ ਹੈ
ਇਹ ਤਾਂ ਹੁਣ ਨਿਸਦਿਨ
ਆਪਣੇ ਨਿਰਦੋਸ਼ ਬੱਚਿਆਂ ਦੀ ਮੌਤ ਤੇ
ਕੁਰਲਾਉਂਦਾ ਤੇ ਵੈਣ ਪਾਉਂਦਾ ਹੈ
ਬੜੇ ਚਿਰਾਂ ਤੋਂ ਕਿਸੇ ਵੀ
ਇਸ ਦੇ ਰਿਸਦੇ ਜ਼ਖ਼ਮਾਂ ਤੇ
ਕਦੀ ਮਰ੍ਹਮ ਨਹੀਂ ਲਾਈ
ਸਗੋਂ ਜਿਹੜਾ ਵੀ ਆਇਆ ਹੈ
ਅਮਨ ਦੇ ਨਾਹਰਿਆਂ ਥੱਲੇ
ਇਸ ਦੀ ਛਾਤੀ
ਗੋਲੀਆਂ ਨਾਲ ਹੋਰ ਵਿੰਨ੍ਹੀ ਹੈ
ਇਸ ਦੇ ਘਰੀਂ ਹੁਣ
ਲੋਹੜੀ ਨੂੰ ਧੂਣੀ ਨਹੀਂ ਬਲਦੀ
ਸਿਵੇ ਹਰ ਘਰ 'ਚ ਬਲਦੇ ਨੇ
ਸ਼ਗਨਾਂ ਦੇ ਦਿਨੀਂ ਵੀ
ਜ਼ਾਲਮ ਹਨੇਰੇ
ਲਹੂ ਦਾ ਤੇਲ ਚੋਂਦੇ ਨੇ

ਬੁੱਢੜੇ ਬਾਪੂ ਤੇ ਅੰਨੀਆਂ ਮਾਵਾਂ
ਗਭਰੂ ਪੁੱਤਾਂ ਦੀ ਅਣਕਿਆਸੀ ਮੌਤ ਦੇ
ਭੋਗ ਪਾਉਂਦੇ ਲਹੂ ਦੇ ਘੁੱਟ ਭਰਦੇ ਨੇ
ਮਸੂਮ ਯਤੀਮ ਬੱਚੇ
ਮਾਂ ਪਿਉ ਦੇ ਸਿਵਿਆਂ ਤੇ
ਕੁਰਲਾਉਂਦੇ ਹੰਝੂ ਵਹਾਉਂਦੇ
ਉਨ੍ਹਾਂ ਨੂੰ ਰੋਜ਼ ਵਾਜਾਂ ਮਾਰਦੇ ਨੇ
ਉਹ ਕਿ ਜਿਨਾਂ ਨੇ
ਫਿਰ ਕਦੀ ਨਹੀਂ ਪਰਤ ਕੇ ਆਉਣਾ
ਉਹਨਾਂ ਨੂੰ ਗਲ ਨਾਲ ਲਾ, ਘੁੱਟ ਬਾਹਾਂ ਵਿਚ
ਉਹਨਾਂ ਦਾ ਮੂੰਹ ਨਹੀਂ ਚੁੰਮਣਾ
ਉਹਨਾਂ ਤੋਂ ਮਿੱਠੀ ਪੱਪੀ ਨਹੀਂ ਲੈਣੀ
ਪਰ ਕਿਸੇ ਨੇਤਾ ਨੂੰ
ਇਸ ਦਾ ਫਿਕਰ ਕਿਥੇ ਹੈ
ਉਹਨਾਂ ਨੂੰ ਤਾਂ ਬਸ
ਵੋਟਾਂ ਕੁਰਸੀਆਂ ਨੋਟਾਂ ਦੀ ਚਿੰਤਾ ਹੈ
ਇਸ ਮਾਹੌਲ ਚੰਦਰੇ ਵਿਚ
ਮੇਰੇ ਪੰਜਾਬ ਦੁਖਿਆਰੇ ਦੀ
ਕਿਸ ਨੇ ਸਾਰ ਲੈਣੀ ਏਂ

## ਮਨਹੂਸ ਮੌਸਮ !

ਇਹ ਕੇਹਾ ਮਨਹੂਸ ਮੌਸਮ
ਕਾਲੇ ਉਦਾਸ ਦਿਨ ਹਨ
ਕਿ ਅਸੀਂ ਮਿੱਤਰਾਂ ਸਬੰਧੀਆਂ ਦੇ ਘਰ
ਹੁਣ ਫੂਹੜੀ ਤੇ ਬੈਠਣ ਹੀ ਜਾਂਦੇ ਹਾਂ
ਕਿਤੇ ਵੀ ਹਾਸਿਆਂ ਕਿਲਕਾਰੀਆਂ ਦੇ
ਚਸ਼ਮੇਂ ਨਹੀਂ ਫੁੱਟਦੇ
ਫੁਹਾਰੇ ਨਹੀਂ ਚਲਦੇ
ਹੁਣ ਤਾਂ ਹੰਝੂਆਂ ਦੇ ਦਰਿਆ
ਹਰ ਘਰ 'ਚ ਵਗਦੇ ਨੇ
ਮਨਾਂ ਦੇ ਵਿਹੜਿਆਂ ਚੋਂ
ਵੈਣਾਂ ਸਿਸਕੀਆਂ ਤੇ ਹੌਕਿਆਂ ਨੇ
ਕੁਆਰੀਆਂ ਰੀਝਾਂ ਦੇ ਬੂਟੇ ਪੁੱਟ ਦਿਤੇ ਨੇ
ਅੱਧ ਮੋਏ ਜਿਹੇ ਅਸੀਂ ਹੁਣ
ਫੁੱਲ ਚੁੱਗਣ ਜੋਗੇ ਹੀ ਰਹਿ ਗਏ ਹਾਂ
ਲੋਹੜੀ ਮੰਗਣੇ ਵਿਆਹਾਂ 'ਤੇ
ਇਕੱਠੇ ਹੋ ਖੁਸ਼ੀ ਵਿਚ
ਅਸੀਂ ਹੁਣ ਖਰੂਦ ਨਹੀਂ ਪਾਉਂਦੇ
ਤੇ ਨਾਂਹ ਬਕਰੇ ਬੁਲਾਉਂਦੇ ਹਾਂ
ਸ਼ਗਣਾਂ ਵਾਲੇ ਦਿਨੀਂ ਵੀ
ਸਹਿਮ ਮੌਤ ਦੇ ਸਾਏ
ਸਾਡੇ ਮਨਾਂ 'ਤੇ ਛਾਏ ਹੀ ਰਹਿੰਦੇ ਨੇ

ਕਿ ਕੀ ਪਤਾ ਸ਼ਗਨਾਂ ਨੇ
ਕਦ ਮਾਤਮ 'ਚ ਬਦਲ ਜਾਣਾ ਏਂ
ਅਸੀਂ ਲਾਚਾਰ ਹਾਂ ਏਨੇ
ਕਿ ਜ਼ੁਲਮ ਦੀ ਭੇਂਟ ਚੜ੍ਹ ਚੁਕੇ
ਆਪਣੇ ਸਨੇਹੀਆਂ ਨੂੰ
ਨਿਝੱਕ ਸ਼ਰਧਾ ਦੇ ਫੁੱਲ ਵੀ
ਭੇਂਟ ਕਰ ਨਹੀਂ ਸਕਦੇ
ਨਿੰਮੋਂਝੂਣੇ ਜਿਹੇ ਹੋਏ
ਸਦਾ ਹਾਂ ਸੋਚਦੇ ਰਹਿੰਦੇ
ਕੀ ਪਤਾ ਕਿਸ ਦਿਨ
ਇਸ ਮਨਹੂਸ ਮੌਸਮ ਦੀ
ਸਾਡੇ ਆਪਣੇ ਚੋਂ ਕਿਸ ਨੇ
ਕਿਥੇ ਭੇਂਟ ਚੜ੍ਹ ਜਾਣੈਂ
ਤੇ ਅਖਬਾਰ ਵਿਚ ਭੋਗ ਦਾ
ਇਸ਼ਤਿਹਾਰ ਬਣ ਜਾਣੈਂ
ਜਿਸ 'ਚ ਸਕੇ ਸਬੰਧੀਆਂ ਵੀ
ਆਪਣਾ ਨਾਂ ਤਕ ਨਹੀਂ ਦੇਣਾ
ਇਹ ਕੇਹਾ ਮਨਹੂਸ ਮੌਸਮ
ਕਾਲੇ ਉਦਾਸ ਦਿਨ ਹਨ।

## ਰਿਸਦੇ ਜ਼ਖ਼ਮਾਂ ਦੀ ਚੀਸ

ਕਿਹੜੀ ਗਲ ਦੀ ਇਕ ਦੂਜੇ ਨੂੰ,
ਦਈਏ ਅਸੀਂ ਵਧਾਈ
ਮੁਸਕਾਨਾਂ ਜੋ ਵੰਡੇ ਸਭ ਨੂੰ,
ਉਹ ਰੁੱਤ ਅਜੇ ਨਾ ਆਈ।
ਅੰਨੇ ਗੂੰਗੇ ਦਿਨ ਸਭ ਹੋਏ,
ਕਾਲੀਆਂ ਬੋਲੀਆਂ ਰਾਤਾਂ
ਸ਼ਾਮਾਂ ਬਲਦੇ ਸਿਵਿਆਂ ਜਿਹੀਆਂ,
ਤੇ ਖ਼ੂਨੀ ਪ੍ਰਭਾਤਾਂ।
ਮਹਿਕਾ ਦੀ ਥਾਂ ਪੌਣਾਂ ਵਿਚ ਨੇ,
ਚੀਕਾਂ ਤੇ ਕੁਰਲਾਹਟਾਂ
ਕਲੀਆਂ ਟੁੱਟੀਆਂ ਫੁੱਲ ਮੁਰਝਾਏ,
ਸੂਲੀ ਬਣੀਆਂ ਵਾਟਾਂ।
ਅਜੇ ਤਾਂ ਬੰਦੇ ਦੀ ਰੱਤ ਦਾ ਹੈ,
ਬੰਦਾ ਏਥੇ ਪਿਆਸਾ।
ਜ਼ਖਮੀਂ ਭੁੱਖਿਆਂ ਲਾਚਾਰਾਂ ਨੂੰ,
ਦੇਵੇ ਕੌਣ ਦਿਲਾਸਾ।
ਵਾੜ ਖੇਤ ਦੀ ਹੀ ਜਦ ਉਸ ਨੂੰ,
ਲੁੱਟੇ ਤੇ ਖਾ ਜਾਏ।
ਕਿੰਝ ਨਾ ਸ਼ਾਇਰ ਹੰਝੂ ਕੇਰੇ,
ਤੜਫੇ ਤੇ ਕੁਰਲਾਏ।

ਸੜੇ ਘਰਾਂ 'ਚੋਂ ਜਦ ਅਧ-ਸੜੀਆਂ,
ਲਾਸ਼ਾਂ ਦੀ ਬੋ ਜਦ ਫੈਲੀ।
ਗੰਗਾ ਜਮਨਾ ਦੀ ਧਰਤੀ ਦੀ,
ਚਾਦਰ ਹੋ ਗਈ ਮੈਲੀ।
ਧਰਮ ਦੇ ਨਾਂ ਤੇ ਮਾਸੂਮਾਂ ਨੂੰ,
ਜਦ ਹੈ ਕੋਹਿਆ ਜਾਂਦਾ
ਧਰਤੀ ਆਪਣੀ ਛਾਤੀ ਪਿਟਦੀ,
ਅੰਬਰ ਹੈ ਕੁਰਲਾਂਦਾ।
ਫਿਰਕੂ ਕਿਸੇ ਜਨੂੰਨੀ ਦਾ ਜਦ,
ਖੰਜਰ ਕਿਸੇ ਦੇ ਖੁੱਭਿਆ।
ਮਾਂਗ ਕਿਸੇ ਦੀ ਸੁੰਨੀ ਹੋਈ,
ਅੱਖ ਦਾ ਤਾਰਾ ਡੁੱਬਿਆ।
ਬੱਚਿਆਂ ਬੁੱਢਿਆਂ ਤੇ ਨਾਰਾਂ ਦੇ,
ਖ਼ੂਨ ਦੀ ਖੇਡ ਕੇ ਹੋਲੀ।
ਫਿਰਕੂ ਲੋਕਾਂ ਰੱਬ ਦੇ ਘਰ ਦੀ,
ਪੱਤ ਗਲੀਆਂ ਵਿਚ ਰੋਲੀ।
ਨਾ ਕਿਧਰੋਂ ਕੋਈ ਨਾਦਰ ਚੜ੍ਹਿਆ,
ਨਾ ਵੰਡ ਦੇਸ਼ ਦੀ ਹੋਈ।
ਅਪਣਿਆਂ ਜਿੰਦ ਆਪਣਿਆਂ ਦੀ,
ਵਾਂਗ ਕਸਾਈਆਂ ਕੋਹੀ।
ਈਸ਼ਵਰ ਅੱਲ੍ਹਾ ਅਤੇ ਵਾਹਿਗੁਰੂ,
ਮੰਨਣ ਵਾਲੇ ਲੋਕੋ
ਜਾਗੋ ਆਪਣਾ ਫਰਜ਼ ਪਛਾਣੋਂ,
ਤੇ ਹਿੰਸਾ ਨੂੰ ਰੋਕੋ।
ਜੇ ਕਰ ਫਰਜ਼ ਪਛਾਨਣ ਦੇ ਵਿਚ
ਕੀਤੀ ਹੁਣ ਵੀ ਦੇਰੀ
ਰਾਜ ਭਗਤ ਸੁਖਦੇਵ ਦੇ ਸੁਪਨੇ,
ਹੋ ਜਾਵਣਗੇ ਢੇਰੀ।

## ਸਰਾਪੇ ਸ਼ਹਿਰ ਦੀ ਵਿਥਿਆ

ਸਾਰਾ ਸ਼ਹਿਰ ਵਿਰਾਨ ਜਿਹਾ ਹੈ
ਮਾਂਗ 'ਚੋਂ ਮਿਟੇ ਸੰਧੂਰ ਵਰਗੀਆਂ
ਸੁੰਨੀਆਂ ਸੁੰਨੀਆਂ ਸੜਕਾਂ ਕੰਢੇ
ਰੁੱਖ ਵੀ ਹੰਝੂ ਕੇਰ ਰਹੇ ਨੇ
ਕਦੀ ਸਮਾਂ ਸੀ
ਰੁੱਖ ਜਿੰਨਾਂ ਦੀ ਛਾਂ ਦੇ ਹੇਠਾਂ
ਰੂਪ ਜਵਾਨੀ ਖੁਸ਼ੀਆਂ ਦੇ ਸਨ
ਹਾਸੇ ਖਿੜਦੇ ਨਗ਼ਮੇਂ ਛਿੜਦੇ
ਹੁਣ ਉਹਨਾਂ ਦੀ ਓਟ 'ਚ ਜਾਪੇ
ਮੌਤ ਖੜੀ ਹੈ
ਬਾਗਾਂ ਅਤੇ ਪਾਰਕਾਂ ਵਿਚ ਹੁਣ
ਫੁੱਲ ਨਹੀਂ ਖਿੜਦੇ
ਬੰਬ ਫਟਦੇ ਨੇ
ਏਥੇ ਓਥੇ ਆਸੇ ਪਾਸੇ
ਰੋਜ਼ ਲਹੂ ਦਾ ਮੀਂਹ ਵਰ੍ਹਦਾ ਹੈ
ਚਾਰੇ ਪਾਸੇ
ਮਰਘਟ ਵਰਗੀ ਚੁੱਪ ਫੈਲੀ ਹੈ
ਅਤਿਆਚਾਰ ਦੀ
ਚੱਕੀ ਦੇ ਦੋ ਪੁੜਾਂ ਵਿਚਾਲੇ
ਪਿਸਦੇ ਜਾਂਦੇ
ਲੋਕਾਂ ਦੇ ਹੋਠਾਂ ਦੇ ਉੱਤੇ

ਡਰ ਮਜਬੂਰੀ ਦੁੱਖ ਸੰਸੇ ਦੇ
ਸੈਆਂ ਤਾਲੇ ਲਟਕ ਰਹੇ ਨੇ
ਸ਼ਹਿਰ ਕਿ ਜਿਹੜਾ
ਰੰਗਾਂ ਅਤੇ ਸੁਗੰਧਾਂ ਦੀ
ਇਕ ਝੀਲ ਜਿਹਾ ਸੀ
ਹੁਣ ਅਸਲੋਂ ਸ਼ਮਸ਼ਾਨ ਜਿਹਾ ਹੈ
ਉਹ ਸੜਕਾਂ ਜਿੰਨਾਂ ਤੇ ਸ਼ਾਮੀਂ
ਨਿੰਮੋਂ ਕੂਲੇ ਚਾਨਣ ਦੇ ਵਿਚ
ਪਿਆਰ ਦੋਸਤੀ ਅਤੇ ਸੁਹੱਪਣ
ਖੁਸ਼ੀਆਂ ਤੇ ਖੁਸ਼ਬੂਆਂ ਦਾ ਸੀ
ਦਰਿਆ ਵਗਦਾ
ਹੁਣ ਉਹਨਾਂ ਤੇ ਇਨਸਾਨਾਂ ਦਾ
ਖ਼ੂਨ ਹੈ ਡੁਲਦਾ, ਖ਼ੂਨ ਹੈ ਰੁਲਦਾ
ਹਰ ਸਰਘੀ ਹਰ ਸੰਧਿਆ ਜ਼ਖ਼ਮੀਂ
ਵੈਣ ਹੈ ਪਾਉਂਦੀ ਤੇ ਕੁਰਲਾਉਂਦੀ
ਨਵੀਂ ਮਾਤਮੀਂ ਖਬਰ ਲਿਆਉਂਦੀ
ਚੰਨ-ਚਾਨਣੀਆਂ ਰਾਤਾਂ ਵੀ ਨੇ
ਕਾਲੀ ਬੋਲੀ ਮੱਸਿਆ ਜਿਹੀਆਂ
ਨਾ ਸ਼ਗਨਾਂ ਦਾ ਚੰਬਾ ਖਿੜਦੈ
ਨਾ ਕੋਈ ਰਾਗ ਅਨੂਠਾ ਛਿੜਦੈ
ਗਲੀਆਂ ਵਿਚ ਨੇ ਕੁੱਤੇ ਰੋਂਦੇ
ਤੇ ਰਾਤਾਂ ਨੂੰ ਉੱਲੂ ਬੋਲਣ
ਆਦਮ ਬੋ! ਆਦਮ ਬੋ! ਕਰਦੇ
ਚਾਰੇ ਪਾਸੇ
ਭੂਤ ਮੌਤ ਦੇ ਘੁੰਮ ਰਹੇ ਨੇ

ਰੋਜ਼ ਘਰਾਂ 'ਚੋਂ
ਜਗਦੇ ਦੀਵੇ ਬੁੱਝ ਜਾਂਦੇ ਨੇ
ਸੂਰਜ ਚੰਨ ਸਿਤਾਰਿਆਂ ਜੜਿਆ
ਝਿਲ ਮਿਲ ਕਰਦਾ ਸੀ ਜੋ ਅੰਬਰ
ਫਿਰਕੂ ਹਿੰਸਾ ਦੀ ਲਾਹਨਤ ਦੇ
ਖ਼ੂਨੀ ਬਦਲਾਂ ਢੱਕ ਲਿਆ ਹੈ
ਹੱਕ ਅਤੇ ਇਨਸਾਫ਼ ਲੈਣ ਲਈ
ਲੜਣਾ ਸੀ ਜਿਨ੍ਹਾਂ ਨੇ ਮਿਲ ਕੇ
ਇਕ ਦੂਜੇ ਦੇ ਖ਼ੂਨ ਦੀ ਹੋਲੀ
ਵਾਂਗ ਪੁਤਲੀਆਂ ਖੇਡ ਰਹੇ ਨੇ
ਸ਼ਤਰੰਜ ਦੇ ਮੱਕਾਰ ਖਿਡਾਰੀ
ਮਨ ਪਰਚਾਉਂਦੇ- ਜਸ਼ਨ ਮਨਾਉਂਦੇ
ਵਹਿਸ਼ੀ ਹਾਸਾ
ਉੱਚੀ ਉੱਚੀ ਹੱਸ ਰਹੇ ਨੇ
ਸ਼ਹਿਰ ਅਭਾਗੇ ਦੇ ਮੱਥੇ ਤੇ
ਬੜੇ ਚਿਰਾਂ ਤੋਂ
ਬਸ ਇਕ ਪ੍ਰਸ਼ਨ ਹੀ ਲਟਕ ਰਿਹਾ ਹੈ
ਚਾਨਣ ਦੇ ਵਣਜਾਰੇ ਲੋਕੋ!
ਕੀ ਹਿੰਸਾ ਦੇ
ਜ਼ਾਲਮ ਝੱਖੜ ਨਾਲ ਲੜੋਗੇ
ਜਾਂ ਫਿਰ ਤੁਸੀਂ ਵੀ
ਆਪਣਾ ਆਪਣਾ ਸੀਸ ਨਿਵਾ ਕੇ
ਸਹਿਮੇਂ ਸਹਿਮੇਂਘਰਾਂ 'ਚ ਬੈਠੇ
ਇਕ ਨਾ ਇਕ ਦਿਨ
ਜ਼ੁਲਮ ਦੀ ਭੇਟਾ ਚੜ੍ਹ ਜਾਵੋਗੇ।

## ਜੰਗਲ

ਭੀੜ ਬਣੇ ਤਾਂ
ਦੁਸ਼ਮਣ ਕੋਲੋਂ ਬਚਣ ਵਾਸਤੇ
ਜੰਗਲ ਹੀ ਤਾਂ ਥਾਂ ਦੇਂਦੇ ਨੇ
ਠੰਡੀ ਰੁੱਤ ਵਿਚ ਨਿੱਘ ਦੇਂਦੇ ਨੇ
ਵਰ੍ਹਦੀ ਅੱਗ ਵਿਚ ਛਾਂ ਦੇਂਦੇ ਨੇ
ਭੁੱਖ ਮੇਟਣ ਲਈ ਫਲ ਦੇਂਦੇ ਨੇ
ਮੋਹ ਦੇਂਦੇ ਨੇ ਬਲ ਦੇਂਦੇ ਨੇ
ਬੱਬਰ ਸ਼ੇਰ ਬਾਘ ਤੇ ਚੀਤੇ
ਜੰਗਲਾਂ ਕਾਰਨ ਜ਼ੋਰਾਵਰ ਨੇ
ਸੀਖਾਂ ਵਾਲੇ ਪਿੰਜਰੇ ਬਣਦੇ
ਜੰਗਲਾਂ ਬਿਨ ਇਹਨਾਂ ਦੇ ਘਰ ਨੇ
ਜੋ ਜੰਗਲਾਂ ਦੀ ਸ਼ਰਨ ਮਾਣ ਕੇ
ਅੰਨੇਵਾਹ ਜੰਗਲ ਕਟਦੇ ਨੇ
ਉਹ ਆਪਣੀ ਹੀ ਜੜ ਵਢਦੇ ਨੇ
ਬਿਨ ਸੋਚੇ ਹੀ ਲਾਈਲਗ ਜੋ
ਨਿਤ ਜੰਗਲਾਂ ਸਿਰ ਦੋਸ਼ ਨੇ ਮੜਦੇ
ਉਹ ਕੀ ਜਾਨਣ ਜੰਗਲਾਂ ਦੇ ਦੁੱਖ
ਨਾ ਉਹ ਆਪਣੇ ਮਨ ਹਨ ਪੜ੍ਹਦੇ
ਉਹ ਜੋ ਅਸਲੀ ਦੁਸ਼ਮਣ ਭੁੱਲ ਕੇ
ਆਪਣਿਆਂ ਹੀ ਸੰਗ ਲੜਦੇ ਨੇ
ਅੱਖਾਂ ਉੱਤੇ ਪੱਟੀ ਬੰਨ੍ਹ ਕੇ
ਆਪਣੇ ਪੈਰੀਂ ਕਿਲ ਜੜਦੇ ਨੇ
ਆਪਣਿਆਂ ਦਾ ਖ਼ੂਨ ਵੇਖ ਕੇ
ਨਿੱਤ ਜੰਗਲ ਹੁਣ ਹੌਕੇ ਭਰਦੇ
ਆਪਣੀ ਪੀੜ ਤਾਂ ਹਰ ਕੋਈ ਜਰਦਾ
ਜੰਗਲ ਸਭ ਦੀ ਪੀੜਾ ਜਰਦੇ।

## ਅਰਜੋਈ !

ਮੇਰੇ ਮਹਿਰਮ
ਮੇਰੇ ਦਿਲਬਰ
ਪਿਆਰੇ ਨਾਨਕ
ਮਾਸੂਮਾਂ ਤੇ ਵੇਖ ਜ਼ੁਲਿਮ ਨੂੰ
ਨਿਰਭਉ ਹੋ ਕੇ
ਤੂੰ ਇਹ ਕਿੱਡਾ ਸੱਚ ਕਿਹਾ ਸੀ
ਰਾਜੇ ਸ਼ੀਂਹ ਮੁਕੱਦਮ ਕੁੱਤੇ
ਪਰ ਅੱਜ ਦੇ ਅਸੀਂ
ਬੁਜ਼ਦਿਲ ਸ਼ਾਇਰ
ਅੱਖਾਂ ਸਾਹਵੇਂ ਬੁੱਚੜਾਂ ਤਾਈਂ
ਨਿਰਦੋਸ਼ਾਂ ਨੂੰ ਵੇਖ ਕੇ ਕੋਂਹਦੇ
ਆਪਣੀ ਜਾਨ ਬਚਾਉਣ ਦੀ ਖਾਤਿਰ
ਮੂੰਹ ਨੂੰ ਜੰਦਰੇ ਲਾ ਲੈਂਦੇ ਹਾਂ
ਜਾਂ ਕੁਝ ਅੜੇ ਇਨਾਮਾਂ ਬਦਲੇ
ਝੂਠ ਦੇ ਸੋਹਲੇ ਗਾ ਦੇਂਦੇ ਹਾਂ
ਤੇਰੇ ਪੱਲੇ ਸੱਚ ਖਰਾ ਸੀ
ਸਾਡੇ ਪੱਲੇ ਝੂਠ ਬੜਾ ਹੈ
ਏਸੇ ਲਈ ਤਾਂ
ਸਾਡੇ ਅੱਖਰ ਬੋਲ ਅਸਾਡੇ
ਬੇ ਪਰਤੀਤੇ ਹੋ ਚਲੇ ਨੇ
ਪਰ ਤੇਰੇ ਬਿਨ ਮਨ ਦੀ ਪੀੜ ਸੁਣਾਵਾਂ ਕਿਸ ਨੂੰ
ਅੱਜ ਤੇਰੇ ਹਿੰਦੂ ਸਿੱਖ ਵਾਰਸ
ਨਿਰਲੱਜ ਹੋ ਕੇ
ਬੋਲੀ ਧਰਮ ਜ਼ਾਤ ਦੇ ਨਾਂ ਤੇ
ਖੇਡ ਰਹੇ ਨੇ
ਇਕ ਦੂਜੇ ਦੇ ਖੂਨ ਦੀ ਹੋਲੀ

ਉਹਨਾਂ ਵਿਚ ਨੇ ਉਸਰ ਰਹੀਆਂ
ਹਿੰਸਾ ਤੇ ਨਫ਼ਰਤ ਦੀਆਂ ਕੰਧਾਂ
ਤੇ ਜਿੰਨਾਂ ਨੇ
ਤੈਨੂੰ ਆਪਣਾ ਪੀਰ ਕਿਹਾ ਸੀ
ਉਹ ਵੀ ਆਪਣਾ ਖ਼ੂਨ ਡੁਲ੍ਹਾ ਕੇ
ਤੇ ਹੋਰਾਂ ਦੇ ਖ਼ੂਨ 'ਚ ਨ੍ਹਾ ਕੇ
ਵੱਖ ਚਿਰਾਂ ਦੇ ਹੋ ਚੁਕੇ ਨੇ
ਆਪਣੇ ਭੁੱਲੜ ਵੀਰਾਂ ਨੂੰ ਮੈਂ
ਕਿੰਝ ਸਮਝਾਵਾਂ
ਮਾਨਸ ਦੀ ਤਾਂ ਜ਼ਾਤ ਹੈ ਇਕੋ
ਸ਼ੁੱਭ ਕਰਮ ਹੀ ਧਰਮ ਹੈ ਸਭ ਦਾ
ਤੇ ਬੋਲੀ ਤਾਂ
ਸੱਚ ਮਾਖਿਉਂ ਵੰਡਣ ਲਈ ਹੈ
ਮੇਰੇ ਮਹਿਰਮ
ਮੇਰੇ ਦਿਲਬਰ
ਹੇ ਸਭਨਾਂ ਦੇ ਸਾਂਝੇ ਨਾਨਕ
ਹੁੰਦਾ ਸਾਂ
ਮੈਂ ਵੀ ਤੇਰਾ ਕਦੀ ਗਰਾਈਂ
ਬਚਪਨ ਦੇ ਵਿਚ
ਮੇਰੀ ਭੋਲੀ ਬਾਲ ਸੋਚ ਤੇ ਨਿੱਕਿਆਂ ਹੱਥਾਂ
ਆਪਣੇ ਪਿਆਰੇ ਨਨਕਾਣੇ ਦੀ
ਲੈ ਕੇ ਕੁਝ ਚੀਕਣੀ ਮਿੱਟੀ, ਕਿੰਨੀ ਵਾਰੀ
ਰੀਝਾਂ ਨਾਲ ਬਣਾਏ ਸਨ ਕੁਝ
ਤੋਤੇ ਮੋਰ ਕਬੂਤਰ ਘੁੱਗੀਆਂ
ਆਲੇ ਭੋਲੇ ਘੁੱਗੂ ਘੋੜੇ

ਜੋ ਹੋਣੀ ਦੀ ਜ਼ਾਲਮ ਹੱਥਾਂ
ਇਕੋ ਵਾਰ 'ਚ ਸਾਰੇ ਢਾਹੇ
ਤੇ ਹੁਣ ਸੀਮਾਂ ਦੇ ਉਸ ਪਾਰੋਂ
ਫਿਰ ਇਸ ਬੰਨਿਉਂ
ਪੁੱਛ ਪੜਤਾਲਾਂ ਲੰਘ ਕੇ ਆਈ
ਆਪਣੇ ਪਿਆਰੇ ਨਨਕਾਣੇ ਦੀ
ਮੁੱਠ ਕੁ ਮਿੱਟੀ ਮਿਲੀ ਜੋ ਮੈਨੂੰ
ਮੈਂ ਚੁੰਮ ਕੇ ਹੈ ਮੱਥੇ ਲਾਈ
ਤੇ ਹੁਣ ਇਸ ਵਿਚ
ਆਪਣੇ ਸੁੱਚੇ ਹੰਝੂਆਂ ਦਾ ਕੁਝ
ਪਾਣੀ ਪਾ ਕੇ
ਪਿਆਰ ਮੁਹੱਬਤ ਦਾ ਲਾਵਾਂਗਾ
ਇਸ ਵਿਚ ਇਕ ਅਜਿਹਾ ਬੂਟਾ
ਜਿਸ ਤੇ ਜੋ ਵੀ ਫੁੱਲ ਖਿੜੇਗਾ
ਉਹ ਵੰਡੇਗਾ
ਪਿਆਰ ਦੋਸਤੀ
ਅਮਨ ਏਕਤਾ ਦੀ ਖ਼ੁਸ਼ਬੋਈ
ਮਾਨਵਤਾ ਦੇ ਸ਼ਾਇਰ ਨਾਨਕ
ਮੇਰੀ ਹੈ ਇਕੋ ਅਰਜੋਈ
ਇਸ ਧਰਤੀ ਤੇ
ਕਿਧਰੇ ਜ਼ੁਲਮ ਜਬਰ ਨਾ ਹੋਵੇ
ਮਾਸੂਮਾਂ ਤੇ ਨਿਰਦੋਸ਼ਾਂ ਦੀ
ਰੱਤ ਨਾ ਡੋਹਲੇ ਕਿਧਰੇ ਕੋਈ
ਪੱਤ ਨਾ ਰੋਲੇ, ਕਿਸੇ ਦੀ ਕੋਈ।

# ਪੰਜਾਬ ਦੀ ਖ਼ੈਰ

ਇਸ ਧਰਤੀ ਤੇ ਰਿਸ਼ੀਆਂ ਨੇ
ਗੁਰੂਆਂ ਨੇ ਤੇ ਪੀਰਾਂ
ਸੰਤਾਂ ਨੇ ਫਕੀਰਾਂ ਨੇ
ਮੁਹੱਬਤ ਏਕਤਾ ਸੱਚ ਦਾ
ਜੋ ਦੀਪਕ ਜਗਾਇਆ ਸੀ
ਇਸ ਧਰਤੀ ਦੇ ਲੋਕਾਂ ਦੇ
ਦਿਲਾਂ ਵਿਚ ਉਸ ਦੀਪਕ ਨੇ
ਸਦਾ ਹੈ ਰੌਸ਼ਨੀ ਵੰਡਣੀ।
ਪੰਜਾਬੀ ਵੀਰ ਦੁੱਲੇ ਦੇ
ਭਗਤ ਕਰਤਾਰ ਸੂਰੇ ਦੇ
ਊਧਮ ਸਿੰਘ ਸ਼ਾਨ ਇਹਨਾਂ ਦੀ
ਇਹ ਪਗਵੱਟ ਹਨ ਭਰਾ ਸਾਰੇ
ਹੋਵੇ ਗੁਰਪੁਰਬ, ਇਕਾਦਸ਼ੀ
ਦਰਗਾਹ ਤੇ ਜਾਂ ਮੇਲਾ
ਅਸੀਂ ਮਿਲ ਕੇ ਮਨਾਉਂਦੇ ਹਾਂ
ਹਿੰਦੂ ਸਿੱਖ ਮੁਸਲਮਾਂ ਦਾ
ਉੱਚੇ ਦਾ ਤੇ ਨੀਵੇਂ ਦਾ
ਕੋਈ ਵੀ ਫਰਕ ਨਹੀਂ ਰਹਿੰਦਾ
ਮਿਠਤ ਨਿਮਰਤਾ ਸੇਵਾ ਦੀ
ਬਣ ਕੇ ਮੂਰਤੀ ਸੱਭੇ
ਪੰਜਾਬੀ ਲਾਡਲੇ ਮਾਂ ਦੇ
ਥਾਂ ਥਾਂ ਰੋਕ ਰਾਹੀਆਂ ਨੂੰ
ਛਬੀਲਾਂ ਤੋਂ ਭੰਡਾਰੇ ਤੋਂ
ਕਿਤੇ ਲੱਸੀ ਪਿਲਾਉਂਦੇ ਨੇ
ਕਿਤੇ ਲੰਗਰ ਛਕਾਉਂਦੇ ਨੇ
ਕਿਤੇ ਖੀਰਾਂ ਖੁਆਉਂਦੇ ਨੇ।
ਨਜ਼ਾਰਾ ਪ੍ਰੇਮ ਦਾ ਐਸਾ
ਬਿਨਾਂ ਪੰਜਾਬ ਤੋਂ ਕਿਧਰੇ

ਕਿਸੇ ਨੂੰ ਮਿਲ ਨਹੀਂ ਸਕਦਾ
ਬੜੀ ਵਾਰੀ ਹੈ ਵੰਡ ਹੋਈ
ਅਸੀਂ ਪਰ ਦਿਲ ਨਹੀਂ ਵੰਡੇ
ਮੁਹੱਬਤ ਦੀ ਮਹਿਕ ਕਿਧਰੇ
ਨਹੀਂ ਸੀਮਾਂ ਤੇ ਰੁਕ ਸਕਦੀ
ਤੇ ਇਹ ਵਿਸ਼ਵਾਸ ਹੈ ਮੈਨੂੰ
ਜੁੜਾਂਗੇ ਫਿਰ ਅਸੀਂ ਇਕ ਦਿਨ
ਜੋ ਥਾਂ ਥਾਂ ਭੱਖੜਾ ਪੋਹਲੀ
ਤੇ ਕੰਡੇ ਨਜ਼ਰ ਆਉਂਦੇ ਨੇ
ਉਹ ਬਹੁਤੀ ਦੇਰ ਨਹੀਂ ਰਹਿਣੇ
ਉਹਨਾਂ ਦੀ ਥਾਂ ਤੇ ਕਲੀਆਂ ਤੇ
ਗੁਲਾਬਾਂ ਟਹਿਕਣੈਂ ਓੜਕ
ਜਾਗੋ ਖ਼ੈਰ ਸਭ ਮੰਗੀਏ
ਇਹਦੇ ਸ਼ਹਿਰਾਂ ਗਰਾਵਾਂ ਦੀ
ਝੁੱਗੀਆਂ ਦੀ ਸਰਾਵਾਂ ਦੀ
ਇਹਦੇ ਕਿਰਤੀ ਕਿਸਾਨਾਂ ਦੀ
ਇਹਦੇ ਨੱਢਿਆਂ ਜਵਾਨਾਂ ਦੀ
ਇਹਦੇ ਰਾਂਝੇ ਤੇ ਹੀਰਾਂ ਦੀ
ਇਹ ਦੇ ਪਿੱਪਲਾਂ ਕਰੀਰਾਂ ਦੀ
ਇਹਦੇ ਗਿੱਧਿਆਂ ਦੀ ਤੀਆਂ ਦੀ
ਇਹਦੇ ਪੁੱਤਰਾਂ ਤੇ ਧੀਆਂ ਦੀ
ਇਹਦੇ ਮੰਦਰਾਂ ਮਸੀਤਾਂ ਦੀ
ਇਹਦੇ ਭੰਗੜੇ ਤੇ ਗੀਤਾਂ ਦੀ
ਗਿਰਜੇ ਗੁਰਦੁਆਰੇ ਦੀ
ਇਹਦੇ ਹਰ ਇਕ ਨਜ਼ਾਰੇ ਦੀ
ਕਿ ਆਓ ਖ਼ੈਰ ਸਭ ਮੰਗੀਏ
ਤੇ ਇਕ ਇਕਰਾਰ ਸਭ ਕਰੀਏ
ਅਸੀਂ ਪੰਜਾਬ ਸਾਰੇ ਨੂੰ
ਅਸੀਂ ਪੰਜਾਬ ਪਿਆਰੇ ਨੂੰ
ਸਦਾ ਹੈ ਟਹਿਕਦੇ ਰਖਣਾ।

# ਗੀਤ

♦

ਜਾਗੋ ਲੋਕੋ ਜਾਗੋ
ਜਾਗਣ ਦੀ ਰੁੱਤ ਆਈ
ਭੇਸ ਬਦਲ ਕੇ ਦੰਭੀ ਚੋਰਾਂ
ਦਰ ਦਰ ਅਲਖ ਜਗਾਈ
ਇਹ ਜੋ ਬਣ ਕੇ ਸੇਵਕ ਆਏ
ਸਾਡੇ ਖ਼ੂਨ ਦੇ ਹਨ ਤਿਰਹਾਏ
ਆਪਣੀ ਕੁਰਸੀ ਖ਼ਾਤਿਰ ਇਹਨਾਂ
ਫਿਰਕੂ ਅੱਗ ਹੈ ਲਾਈ।
ਦੇਸ਼ ਨੂੰ ਇਹਨਾਂ ਰੱਜ ਕੇ ਲੁੱਟਿਆ
ਪਿਆਰ ਦਾ ਬੂਟਾ ਜੜ ਤੋਂ ਪੁੱਟਿਆ
ਪਾੜੋ ਰਾਜ ਕਰੋ ਦੀ ਨੀਤੀ
ਇਹਨਾਂ ਵੀ ਅਪਣਾਈ।
ਨਿੱਤ ਕਰਵਾਉਂਦੇ ਹਨ ਇਹ ਦੰਗੇ
ਹੱਥ ਇਹਨਾਂ ਦੇ ਖ਼ੂਨ 'ਚ ਰੰਗੇ
ਕਾਤਿਲ ਸਾਡੇ ਮਿੱਤਰ ਬਣ ਕੇ
ਕਰਦੇ ਹਨ ਚਤਰਾਈ।
ਮਹਿੰਗਾਈ ਤੇ ਭੁੱਖ ਬਿਮਾਰੀ
ਖਾਏ ਜਵਾਨੀ ਨੂੰ ਬੇਕਾਰੀ
ਰਿਸ਼ਵਤ ਖੋਰ ਦਲਾਲਾਂ ਮਿਲ ਕੇ
ਅੰਨੀ ਲੁੱਟ ਮਚਾਈ।
ਜਾਗੋ ਲੋਕੋ ਜਾਗੋ .. .. .. ..

♦

ਆਓ ਬੇਲੀਓ, ਆਓ ਸਾਥੀਓ
ਮਿਲ ਕੇ ਖੁਸ਼ੀ ਮਨਾਈਏ
ਛੱਡ ਕੇ ਸਾਰੇ ਝਗੜੇ ਝੇੜੇ
ਆਪਾਂ ਇਕ ਹੋ ਜਾਈਏ।
ਭਾਵੇਂ ਹਿੰਦੂ ਭਾਵੇਂ ਮੁਸਲਿਮ
ਹੈ ਕੋਈ ਸਿੱਖ ਈਸਾਈ
ਸਭਨਾਂ ਦਾ ਹੈ ਅੰਬਰ ਸਾਂਝਾ
ਸਾਂਝੀ ਧਰਤੀ ਮਾਈ
ਹਰ ਦੁਖੀਏ ਦੇ ਪੂੰਝ ਕੇ ਹੰਝੂ
ਉਸ ਨੂੰ ਅਸੀਂ ਹਸਾਈਏ।
ਫੁੱਲਾਂ ਵਾਂਗੂੰ ਖਿੜਣਾ ਸਿਖੀਏ
ਵਾਂਗ ਪੰਛੀਆਂ ਗਾਉਣਾ
ਧੁੱਪ ਚਾਨਣੀ ਸਭ ਦੀ ਸਾਂਝੀ
ਸਾਂਝੀਆਂ ਮਹਿਕਾਂ ਪੌਣਾ
ਆਓ ਰੁਸਿਆਂ ਵੀਰਾਂ ਨੂੰ ਹੁਣ
ਲਾ ਕੇ ਗਲੇ ਮਨਾਈਏ।
ਹਰ ਇਕ ਧਰਮ ਸਿਖਾਵੇ ਸਾਨੂੰ
ਸੇਵਾ ਪਿਆਰ ਸਚਾਈ
ਹਰ ਬੋਲੀ ਹੈ ਗਿਆਨ ਦਾ ਸਾਗਰ
ਵੰਡੇ ਜੋ ਰੁਸ਼ਨਾਈ
ਬਣ ਕੇ ਮੋਹ ਦਾ ਸੂਰਜ ਆਪਾਂ
ਨਫਰਤ ਨ੍ਹੇਰ ਮਿਟਾਈਏ।
ਸਾਨੂੰ ਆਪਸ ਵਿਚ ਲੜਾਇਆ
ਪੰਡਤਾਂ ਭਾਈਆਂ ਮੁੱਲਾਂ
ਦੰਭੀ ਨੇਤਾਵਾਂ ਦੇ ਆਖੇ
ਹੋਈਆਂ ਸਾਥੋਂ ਭੁੱਲਾਂ
ਖਾਈਏ ਕਸਮ ਕਿ ਉਹ ਭੁੱਲਾਂ ਨਾ
ਫਿਰ ਹੁਣ ਕਦੀ ਦੁਹਰਾਈਏ।

♦

ਮਾਰੂ ਜੰਗ ਦਾ ਆਓ ਮੁਕਾਈਏ, ਜੱਗ 'ਚੋਂ ਅਸੀਂ ਹਨੇਰ ਬੇਲੀਓ।
ਹੋਵੇ ਰਾਤ ਮੁਹੱਬਤ ਵਾਲੀ, ਅਮਨਾ ਭਰੀ ਸਵੇਰ ਬੇਲੀਓ।
ਨਾਂਹ ਕੋਈ ਹੱਕ ਕਿਸੇ ਦਾ ਖੋਹੇ, ਨਾ ਮਜ਼ਲੂਮ ਨੂੰ ਮਾਰੇ
ਖਿੜੇ ਬਾਗ਼ ਦੇ ਫੁੱਲਾਂ ਵਾਂਗੂੰ, ਨੱਚਣ ਟਹਿਕਣ ਸਾਰੇ
ਇਕ ਦੂਜੇ ਨੂੰ ਗਲੇ ਲਗਾਈਏ, ਭੁੱਲ ਕੇ ਤੇਰ ਮੇਰ ਬੇਲੀਓ।
ਨਾਂਹ ਕੋਈ ਹੋਵੇ ਭੁੱਖਾ ਨੰਗਾ, ਨਾਂਹ ਹੋਵੇ ਬੇਕਾਰੀ
ਸੁਪਨੇ ਕਿਸੇ ਦੇ ਤੋੜ ਨਾਂਹ ਸਕੇ, ਮਜਬੂਰੀ ਲਾਚਾਰੀ
ਅਸੀਂ ਪਰਾਤਾਂ ਭਰ ਭਰ ਵੰਡੀਏ, ਖੁਸ਼ੀ ਦੇ ਸਭ ਨੂੰ ਢੇਰ ਬੇਲੀਓ।
ਪਿਆਰ ਦੋਸਤੀ ਖੋਹਲਣ ਸਾੜੇ, ਮਨਾਂ 'ਚ ਪਈਆਂ ਗੰਢਾਂ
ਮੁੱਕ ਜਾਵਣ ਮੁਲਕਾਂ ਦੇ ਝੇੜੇ, ਫਿਰਕੂ ਨਫ਼ਰਤ ਵੰਡਾਂ
ਹਰ ਬੂਹੇ ਤੇ ਦਸਤਕ ਦੇਵੇ, ਸ਼ਗਨਾਂ ਭਰੀ ਸਵੇਰ ਬੇਲੀਓ
ਹਰ ਦਿਨ ਸਾਡਾ ਹੋਵੇ ਜਿੱਦਾਂ, ਫੁੱਲਾਂ ਭਰੀ ਚੰਗੇਰ ਬੇਲੀਓ।
ਮਾਰੂ ਜੰਗ ਦਾ ਆਓ ਮੁਕਾਈਏ, ਜੱਗ ਚੋਂ ਅਸੀਂ ਹਨੇਰ ਬੇਲੀਓ।

♦

ਨਵੇਂ ਸਾਲ ਦਿਆ ਸੂਰਜਾ, ਪੂਰੀਂ ਕਰੀਂ ਦੁਆ
ਹਰ ਘਰ ਹੋਵਣ ਖੁਸ਼ੀਆਂ ਖੇੜੇ, ਤੇ ਸ਼ਗਨਾਂ ਦੇ ਚਾਅ।
ਨਵੇਂ ਸਾਲ ਦਿਆ ਸੂਰਜਾ, ਪੂਰੀ ਕਰੀਂ ਦੁਆ
ਇਸ ਧਰਤੀ ਦਾ ਕਣ ਕਣ ਹੋਵੇ, ਫਿਰ ਹਰਿਆ ਭਰਿਆ।
ਨਵੇਂ ਸਾਲ ਦਿਆ ਸੂਰਜਾ, ਪੂਰੀ ਕਰੀਂ ਦੁਆ
ਅਮਨ ਦੋਸਤੀ ਅਤੇ ਪਿਆਰ ਦੇ, ਫੇਰ ਵਗਣ ਦਰਿਆ।
ਨਵੇਂ ਸਾਲ ਦਿਆ ਸੂਰਜਾ, ਪੂਰੀਂ ਕਰੀਂ ਦੁਆ
ਜੋ ਸਾਨੂੰ ਆਪਸ ਵਿਚ ਵੰਡਣ, ਲੀਕਾਂ ਦਈਂ ਮਿਟਾ।
ਨਵੇਂ ਸਾਲ ਦਿਆ ਸੂਰਜਾ, ਪੂਰੀ ਕਰੀਂ ਦੁਆ
ਰਹੇ ਹਨੇਰ ਜ਼ੁਲਮ ਨਾ ਕਿਧਰੇ, ਧਰਤ ਜਾਏ ਰੁਸ਼ਨਾ।
ਨਵੇਂ ਸਾਲ ਦਿਆ ਸੂਰਜਾ, ਪੂਰੀ ਕਰੀਂ ਦੁਆ
ਹਰ ਕੋਈ ਜਾਪੇ ਫੁੱਲਾਂ ਵਾਂਗੂੰ, ਨਿੱਤ ਖਿੜਿਆ ਖਿੜਿਆ।
ਨਵੇਂ ਸਾਲ ਦਿਆ ਸੂਰਜਾ, ਪੂਰੀ ਕਰੀਂ ਦੁਆ
ਫਿਰ ਗਿੱਧੇ ਵਿਚ ਉੱਡੇ ਡੋਰੀਆ, ਭੰਗੜਾ ਪਾਉਣ ਭਰਾ।
ਨਵੇਂ ਸਾਲ ਦਿਆ ਸੂਰਜਾ, ਪੂਰੀ ਕਰੀਂ ਦੁਆ
ਚਿਰੀਂ ਵਿਛੁੰਨੇ ਮੀਤ ਜੋ, ਦੇਵੀਂ ਫੇਰ ਮਿਲਾ।

♦

ਜਾਗੋ ਅਮਨ ਦੇ ਰਾਖਿਓ!
ਜਾਗੋ ਚਮਨ ਦੇ ਰਾਖਿਓ!!
ਫੇਰ ਪੰਜਾਂ ਪਾਣੀਆਂ ਵਿਚ
ਜ਼ਹਿਰ ਨਾ ਪਾਵੇ ਕੋਈ,
ਫੇਰ ਕਲੀਆਂ ਤੇ ਗੁਲਾਬਾਂ ਨੂੰ
ਨਾ ਝੁਲਸਾਵੇ ਕੋਈ।
ਬਣ ਕੇ ਮੋਹਰੇ ਜੰਗ ਬਾਜ਼ਾਂ ਦੇ
ਨਾ ਹੁਣ ਨੱਚੀਏ ਅਸੀਂ
ਲਾਏ ਮੱਕਾਰਾਂ ਜਾਲ ਜੋ
ਉਹਨਾਂ 'ਚ ਨਾ ਫਸੀਏ ਅਸੀਂ
ਖਿੱਚੀਆਂ ਨਫ਼ਰਤ ਨੇ ਜੋ
ਲੀਕਾਂ ਮਿਟਾਈਏ ਸਭ ਅਸੀਂ
ਪਿਆਰ ਦੇ ਪਾਣੀ 'ਚ ਧੋ ਕੇ
ਦਾਗ਼ ਲਾਹੀਏ ਸਭ ਅਸੀਂ
ਫੇਰ ਸਾਡੇ ਆਲ੍ਹਣੇ ਨੂੰ
ਅੱਗ ਨਾ ਲਾਵੇ ਕੋਈ
ਸਾਂਝੇ ਅਸਾਡੇ ਖ਼ੂਨ ਦਾ
ਨਾ ਰੰਗ ਬਦਲਾਵੇ ਕੋਈ
ਜਾਗੋ ਅਮਨ ਦੇ ਰਾਖਿਓ...
ਪਾਈਆਂ ਜਿਨਾਂ ਨੇ ਵੰਡੀਆਂ
ਉਹਨਾਂ ਨੂੰ ਮਿਲ ਕੇ ਭੰਡੀਏ
ਸਾਡਾ ਲਹੂ ਜੋ ਚੂਸਦੇ
ਆਵੋ ਉਹਨਾਂ ਨੂੰ ਚੰਡੀਏ
ਖ਼ਤਰਾ ਨਾ ਗੀਤਾ ਪੰਥ ਨੂੰ ਹੈ
ਨਾ ਕੋਈ ਇਸਲਾਮ ਨੂੰ
ਮਿਲਦੀਆਂ ਬਾਹਾਂ ਤੋਂ ਖ਼ਤਰਾ
ਹੈ ਤਾਂ ਬਸ ਸ਼ੈਤਾਨ ਨੂੰ
ਖਾਵੋ ਕਸਮ ਜੀਤੋ ਜਾਂ ਜ਼ੀਨਤ
ਵੈਣ ਨਾ ਪਾਵੇ ਕੋਈ
ਸਾਡਿਆਂ ਲਾਲਾਂ ਦੇ ਸੁਪਨੇ
ਡੈਣ ਨਾ ਖਾਵੇ ਕੋਈ
ਜਾਗੋ ਅਮਨ ਦੇ ਰਾਖਿਓ...

♦

ਮੈਂ ਅੰਬਰ ਵਿਚ ਉੱਡਣਾ ਲੋਚਾਂ,
ਪਰ ਉੱਡਿਆ ਨਾ ਜਾਏ।
ਮਜਬੂਰੀ ਦਾ ਬਾਜ ਕੁਲਹਿਣਾ
ਇਕੋ ਖ਼ੂਨੀ ਝੱਪਟੇ ਦੇ ਵਿਚ
ਖੰਭ ਮੇਰੀਆਂ ਆਸਾਂ ਦੇ ਸਾਰੇ
ਖੋਹ ਭੰਨ ਕੇ ਸੁੱਟ ਜਾਏ
ਮੈਂ ਅੰਬਰ ਵਿਚ.. .. ..
ਖੰਭ ਨਵੇਂ ਨਿਕਲਣ ਤੋਂ ਪਹਿਲਾਂ
ਇੱਲਾਂ ਗਿਰਝਾਂ ਤੇ ਉਲੂਆਂ ਦਾ
ਚਾਰ ਚੁਫੇਰੇ ਮੇਰੇ ਗਿਰਦੇ
ਸੌ ਝੁਰਮਟ ਮੰਡਲਾਏ
ਮੈਂ ਅੰਬਰ ਵਿਚ.. .. ..
ਨੀਂ ਜਿੰਦੇ ਹੁਣ ਹੰਝੂਆਂ ਦੀ ਥਾਂ
ਮਨ 'ਚੋਂ ਕੱਢ ਚੰਗਿਆੜੇ
ਹਰ ਚੰਗਿਆੜਾ ਜਾਬਰ ਸਾੜੇ
ਧੁੰਦ ਅੰਧਿਆਰ ਮਿਟਾਏ
ਮੈਂ ਅੰਬਰ ਵਿਚ.. ..
ਆਸਾਂ ਦੀ ਮੀਟੀ ਫਿਰ ਪੁੱਗੇ
ਯੁੱਗ ਲੋਕਾਂ ਦਾ ਆਏ
ਜਿਸ ਵਿਚ ਕਦੀ ਵੀ ਕੋਈ ਚੰਦਰਾ
ਸੁਪਨੇ ਮੂਲ ਨਾ ਢਾਏ
ਮੈਂ ਅੰਬਰ ਵਿਚ .. ..

♦

ਅਸੀਂ ਚਾਨਣ ਵੰਡਦੇ ਜਾਣਾ
ਨੀਂ ਜਿੰਦੇ ਚਾਨਣ ਵੰਡਦੇ ਜਾਣਾ
ਇਹ ਚਾਨਣ ਸਾਡਾ ਬੱਦਲਾਂ ਡੱਕਿਆ
ਇਹ ਚਾਨਣ ਸਾਡਾ ਧੁੰਦਾਂ ਢੱਕਿਆ
ਅਸੀਂ ਬਦਲਾਂ ਨੂੰ ਚੀਰ ਹਟਾਣਾ
ਨੀਂ ਜਿੰਦੇ ਧੁੰਦਾਂ ਪਾੜ ਵਿਖਾਣਾ
ਅਸੀਂ ਚਾਨਣ ਵੰਡਦੇ ਜਾਣਾ .. ..
ਇਹ ਜੋ ਦਿਸਦੇ ਸਾਗਰ ਖਾਰੇ
ਜੰਗਲ ਬੇਲੇ ਪਰਬਤ ਭਾਰੇ
ਅਸੀਂ ਮੂਲੋਂ ਨਾ ਘਬਰਾਣਾ
ਨੀਂ ਜਿੰਦੇ ਅੱਗੇ ਕਦਮ ਵਧਾਣਾ
ਅਸੀਂ ਚਾਨਣ ਵੰਡਦੇ ਜਾਣਾ.. ..
ਥਾਂ ਥਾਂ ਬੈਠੇ ਰਾਹੂ ਕੇਤੂ
ਚੋਰ ਲੁਟੇਰੇ ਵਿਹਲੜ ਪੇਟੂ
ਅਸੀਂ ਇਹਨਾਂ ਦੀ ਅਲਖ ਮੁਕਾਣਾ
ਨੀਂ ਜਿੰਦੇ ਮਿਹਨਤ ਮੁਕਤ ਕਰਾਣਾ
ਅਸੀਂ ਚਾਨਣ ਵੰਡਦੇ ਜਾਣਾ .. ..
ਇਹ ਜੋ ਚਲਦੀਆਂ ਤੇਜ਼ ਹਵਾਵਾਂ
ਕੀ ਰੋਕਣਗੀਆਂ ਸਾਡੀਆਂ ਰਾਹਵਾਂ
ਅਸੀਂ ਦੀਪ ਤੋਂ ਦੀਪ ਜਗਾਣਾ
ਨੀਂ ਜਿੰਦੇ ਝੱਖੜਾਂ ਵਿਚ ਮੁਸਕਾਣਾ
ਅਸੀਂ ਚਾਨਣ ਵੰਡਦੇ ਜਾਣਾ.. .. ..
ਪਿਆਰ ਸਬਰ ਦਾ ਕਰ ਕੇ ਹੀਲਾ
ਕੱਠਾ ਕਰਨਾ ਤੀਲੀ ਤੀਲਾ
ਏਕੇ ਦਾ ਮਹਿਲ ਬਨਾਣਾ
ਨੀਂ ਜਿੰਦੇ ਵੰਡਾਂ ਦੀ ਵੱਟ ਢਾਣਾ
ਅਸੀਂ ਚਾਨਣ ਵੰਡੇ ਜਾਣਾ
ਨੀਂ ਜਿੰਦੇ ਮਹਿਕਾਂ ਦਾ ਮਰੂਆ ਲਾਣਾ।

♦

ਉੱਠੋ ਮੇਰੇ ਹਾਣੀਓਂ ਤੇ ਉੱਠੋ ਮੇਰੇ ਸਾਥੀਓ,
ਆਓ ਕੋਈ ਕਰੀਏ ਉਪਾਅ।
ਲੋਟੂਆਂ ਦੀ ਢਾਣੀ ਸਾਨੂੰ ਚੂੰਡ ਚੂੰਡ ਖਾਈ ਜਾਵੇ
ਕਰ ਦਿੱਤਾ ਦੇਸ਼ ਨੂੰ ਤਬਾਹ।
ਪਾਟਿਆਂ ਲੰਗਾਰਾਂ ਲਈ ਲੀਰ ਵੀ ਨਾ ਜੁੜੇ ਸਾਨੂੰ
ਪੱਟ ਰਹੇ ਚੋਰ ਨੇ ਹੰਢਾ।
ਸਾਡੀਆਂ ਤਾਂ ਝੁੱਗੀਆਂ 'ਚ ਗੋਡੇ ਗੋਡੇ ਨ੍ਹੇਰ ਅਜੇ
ਮਹਿਲਾਂ ਲਿਆ ਚਾਨਣਾ ਚੁਰਾ।
ਮਿਹਨਤਾਂ ਦਾ ਮੁੱਲ ਸਾਨੂੰ ਰੋਟੀ ਵੀ ਨਾ ਜੁੜੇ ਰੱਜ
ਵਿਹਲੇ ਰਹੇ ਮੌਜ ਨੇ ਉਡਾ।
ਮਿੱਲਾਂ ਖੇਤਾਂ ਵਿਚ ਨਿੱਤ ਵਗਣ ਹਨੇਰੀਆਂ ਨਾ
ਛਾਤੀਆਂ ਜੇ ਕੰਧ ਲੈਂ ਬਣਾ।
ਰੀਝਾਂ ਦੀਆਂ ਘੁੱਗੀਆਂ ਨਾ ਸ਼ਿੱਕਿਆਂ ਦਾ ਬਾਜ ਕੋਹੇ
ਸੋਚਾਂ ਨੂੰ ਜੇ ਲਈਏ ਰੁਸ਼ਨਾ।
ਚਿੱਥੀਏ ਤਾਂ ਸਿਰ ਉਹਨਾਂ ਸੱਪਾਂ ਤੇ ਸਪੋਲੀਆਂ ਦੇ
ਜ਼ਹਿਰੀ ਡੰਗ ਰਹੇ ਜੋ ਚਲਾ।
ਜਾਬਰਾਂ ਦੀ ਧੌਣ ਜਿਹੜੀ ਆਕੜੇ ਗ਼ਰੂਰ ਵਿਚ
ਧੌਣ ਦਈਏ ਤੋੜ ਕੇ ਨਿਵਾ।
ਲਾਲ ਸੂਹੀ ਸਰਘੀ ਦੀ ਵੇਲ ਲਾਈਏ ਧਰਤੀ ਤੇ
ਦਈਏ ਸਭ ਕਾਲਖਾਂ ਮੁਕਾ।

♦

ਤੂੰ ਜਾਣਾ ਹਾਲੇ ਦੂਰ ਕੁੜੇ
ਤੂੰ ਹੱਸਦੀ ਟੱਪਦੀ ਗਾਉਂਦੀ ਜਾ
ਹਰ ਮੁਸ਼ਕਿਲ ਸੰਗ ਟਕਰਾਉਂਦੀ ਜਾ
ਤੇ ਅੱਗੇ ਕਦਮ ਵਧਾਉਂਦੀ ਜਾ
ਨਾ ਰਾਹ ਵਿਚ ਬਹਿ ਕੇ ਝੂਰ ਕੁੜੇ
ਤੂੰ ਜਾਣਾ ਹਾਲੇ ਦੂਰ ਕੁੜੇ।
ਨਾ ਬੈਠੀਂ ਹਿੰਮਤ ਹਾਰ ਕੁੜੇ
ਤੂੰ ਜਾਣਾ ਪਰਲੇ ਪਾਰ ਕੁੜੇ
ਉੱਠ ਜ਼ੋਰ ਦਾ ਹੰਭਲਾ ਮਾਰ ਕੁੜੇ
ਸੱਚ ਹੋਣਗੇ ਸੁਪਨ ਜ਼ਰੂਰ ਕੁੜੇ
ਤੂੰ ਜਾਣਾ ਹਾਲੇ ਦੂਰ ਕੁੜੇ।
ਤੂੰ ਨ੍ਹੇਰੇ ਤੋਂ ਘਬਰਾਵੀਂ ਨਾਂ
ਤੂੰ ਕਦੀ ਹੌਸਲਾ ਢਾਵੀਂ ਨਾਂ
ਤੂੰ ਮਨ ਦਾ ਦੀਪ ਬੁਝਾਵੀਂ ਨਾਂ
ਹੋਏ ਜਾਏਂਗੀ ਨੂਰੋ ਨੂਰ ਕੁੜੇ
ਤੂੰ ਜਾਣਾ ਹਾਲੇ ਦੂਰ ਕੁੜੇ।
ਨਾ ਪਰਵਾਹ ਕਰ ਤੂੰ ਰੋਕਾਂ ਦੀ
ਨਾ ਗੱਲ ਸੁਣ ਭੈੜੇ ਲੋਕਾਂ ਦੀ
ਤੂੰ ਅਲਖ ਮੁਕਾਉਣੀ ਜੋਕਾਂ ਦੀ
ਨਾ ਦਿਲ ਛੱਡ ਹੋ ਮਜ਼ਬੂਰ ਕੁੜੇ
ਤੂੰ ਜਾਣਾ ਹਾਲੇ ਦੂਰ ਕੁੜੇ।
ਨਾ ਸਦਾ ਇਹ ਕਹਿਰੀ ਰੁੱਤ ਰਹਿਣੀ
ਇਹਦੀ ਥਾਂ ਫੁੱਲਾਂ ਦੀ ਰੁੱਤ ਲੈਣੀ
ਝੂਮੇਗੀ ਹਰ ਪੱਤੀ ਟਹਿਣੀ
ਫਿਰ ਪਊ ਆਸਾਂ ਨੂੰ ਬੂਰ ਕੁੜੇ
ਪਰ ਜਾਣਾ ਅਜੇ ਤੂੰ ਦੂਰ ਕੁੜੇ
ਤੇਰੀ ਮੰਜ਼ਿਲ ਹੈ ਕੋਹਤੂਰ ਕੁੜੇ।

## ਮਾਂ ਬੋਲੀ ਪੰਜਾਬੀ

ਅਸੀਂ ਪੰਜਾਬੀ ਮਾਂ ਬੋਲੀ ਦੀ
ਮਿਲ ਕੇ ਸ਼ਾਨ ਵਧਾਵਾਂਗੇ।
ਇਸ ਦੀ ਖ਼ੁਸ਼ਬੂ ਚਹੁੰ ਕੂੰਟਾਂ ਵਿਚ
ਸਾਰੇ ਅਸੀਂ ਫੈਲਾਵਾਂਗੇ।
ਇਸ ਬੋਲੀ ਵਿਚ ਨਾਥ ਜੋਗੀਆਂ
ਵੰਡੀਆਂ ਆਤਮ ਦਾਤਾਂ
ਫਰੀਦ ਸ਼ਕਰਗੰਜ ਦਿੱਤੀਆਂ ਇਸ ਨੂੰ
ਨੂਰਾਨੀ ਪ੍ਰਭਾਤਾਂ
ਮਾਨਵ ਪਿਆਰ ਸੁਨੇਹਾ ਇਸ 'ਚੋਂ
ਹਰ ਪਾਸੇ ਪਹੁੰਚਾਵਾਂਗੇ।
ਗੁਰੂ ਨਾਨਕ ਨੇ ਗਾਈ ਇਸ ਵਿਚ
ਬਾਣੀ ਪ੍ਰੇਮ ਇਲਾਹੀ
ਸੰਤਾਂ ਤੇ ਦਰਵੇਸ਼ਾਂ ਇਸ ਵਿਚ
ਰੱਬੀ ਜੋਤ ਜਗਾਈ
ਮਾਂ ਬੋਲੀ ਤੋਂ ਕਿਰਨਾਂ ਲੈ ਕੇ
ਨਫ਼ਰਤ ਨ੍ਹੇਰ ਮਿਟਾਵਾਂਗੇ।
ਸ਼ਾਹ ਹੁਸੈਨ ਤੇ ਬਾਹੂ ਬੁੱਲ੍ਹੇ
ਵੰਡੀ ਇਸ ਵਿਚ ਮਸਤੀ
ਹੀਰ ਤੇ ਰਾਂਝੇ ਦੀ ਵਾਰਸ ਨੇ
ਕੀਤੀ ਨੂਰੀ ਹਸਤੀ
ਪਿਆਰ ਦੋਸਤੀ ਰੂਹ ਦੇ ਮਿੱਠੇ
ਨਗ਼ਮੇਂ ਇਸ ਵਿਚ ਗਾਵਾਂਗੇ।

ਭਾਈ ਵੀਰ ਸਿੰਘ ਲਾਈ ਇਸ ਵਿਚ
ਉੱਚੀ ਸੋਚ ਉਡਾਰੀ
ਪੂਰਨ ਤੇ ਗੁਰਬਖ਼ਸ਼ ਸਿੰਘ ਨੇ
ਮਾਂ ਬੋਲੀ ਸ਼ਿੰਗਾਰੀ
ਬਾਵੇ ਮੋਹਨ ਅੰਮ੍ਰਿਤਾ ਸ਼ਿਵ ਦਾ
ਇਸ ਨੂੰ ਤਾਜ ਪਹਿਣਾਵਾਂਗੇ।
ਪੰਜ ਦਰਿਆਵਾਂ ਦੀ ਧਰਤੀ ਦੀ
ਹੈ ਪੰਜਾਬੀ ਰਾਣੀ
ਸੱਚੀ ਸੁੱਚੀ ਮਾਂ ਦੁੱਧ ਵਰਗੀ
ਇਸ ਸੰਗ ਸਾਂਝ ਪੁਰਾਣੀ
ਹੀਰੇ ਲਾਲ ਮੋਤੀਆਂ ਦੇ ਹੁਣ
ਇਸ ਵਿਚ ਬੋਹਲ ਲਗਾਵਾਂਗੇ।
ਅਸੀਂ ਪੰਜਾਬੀ ਮਾਂ ਬੋਲੀ ਦੀ
ਮਿਲ ਕੇ ਸ਼ਾਨ ਵਧਾਵਾਂਗੇ।
ਇਸ ਦੀ ਖੁਸ਼ਬੂ ਚਹੁੰ ਕੂੰਟਾਂ ਵਿਚ
ਸਾਰੇ ਅਸੀਂ ਫੈਲਾਵਾਂਗੇ।

ਨੱਚੇ ਰਲ ਮਿਲ ਸਾਰਾ ਹੀ ਪੰਜਾਬ ਬੇਲੀਓ
ਪੂਰੇ ਹੋਣ ਸਾਡੇ ਚਿਰਾਂ ਦੇ ਜੋ ਖਾਬ ਬੇਲੀਓ।

ਹੱਥ ਦੋਸਤੀ ਦਾ ਦੋਵੇਂ ਲਹਿੰਦਾ ਚੜ੍ਹਦਾ ਵਧਾਣ
ਜੋ ਹੈ ਸੰਖ ਦੀ ਆਵਾਜ਼ ਓਹੀ ਆਖਦੀ ਅਜ਼ਾਨ
ਹੋਵੇ ਬਾਣੀ ਨਾਲ ਵਜਦਾ ਰਬਾਬ ਬੇਲੀਓ
ਨੱਚੇ ਰਲ ਮਿਲ ਸਾਰਾ ਹੀ ਪੰਜਾਬ ਬੇਲੀਓ।

ਏਥੇ ਕਰੇ ਨਾ ਕੋਈ ਬੰਬਾਂ ਅਤੇ ਗੋਲੀਆਂ ਦੀ ਗੱਲ
ਹੋਵੇ ਭੰਗੜੇ ਜਾਂ ਗਿੱਧੇ ਅਤੇ ਢੋਲੀਆਂ ਦੀ ਗੱਲ
ਖਿੜੇ ਦਿਲਾਂ ਵਿਚ ਮੋਹ ਦਾ ਗੁਲਾਬ ਬੇਲੀਓ
ਨੱਚੇ ਰਲ ਮਿਲ ਸਾਰਾ ਹੀ ਗੁਲਾਬ ਬੇਲੀਓ।

ਰਾਮ ਨੌਮੀ, ਗੁਰਪੁਰਬ, ਈਦ ਮਿਲ ਕੇ ਮਨਾਈਏ
ਅਸੀਂ ਜ਼ਾਤ-ਪਾਤ ਤਾਈਂ ਜੜ੍ਹੋਂ ਪੁੱਟ ਕੇ ਮੁਕਾਈਏ
ਮਾਤ ਪਾਵੇ ਸਾਡੀ ਸੂਰਜੇ ਨੂੰ ਆਬ ਬੇਲੀਓ
ਨੱਚੇ ਰਲ ਮਿਲ ਸਾਰਾ ਹੀ ਪੰਜਾਬ ਬੇਲੀਓ।

ਅਸੀਂ ਹੋ ਕੇ ਇਕੱਠੇ ਐਸਾ ਸਿਰਜੀਏ ਨਿਜ਼ਾਮ
ਸੁਖੀਂ ਵੱਸੇ ਜਿਸ ਵਿਚ ਹਰ ਕੋਈ ਖਾਸ-ਆਮ
ਅਸੀਂ ਕਰੀਏ ਲੁਟੇਰੇ ਬੇ-ਨਿਕਾਬ ਬੇਲੀਓ
ਨੱਚੇ ਰਲ ਮਿਲ ਸਾਰਾ ਹੀ ਪੰਜਾਬ ਬੇਲੀਓ।

ਸਾਡੀ ਸਾਂਝ ਜੋ ਵਧਾਏ ਸਾਡੀ ਏਕਤਾ ਬਣਾਏ
ਮੇਟੇ ਦੁਸ਼ਮਣੀ ਹਨੇਰੇ ਸਾਡੀ ਰੂਹ ਰੁਸ਼ਨਾਏ
ਐਸੀ ਪਿਆਰ ਵਾਲੀ ਪੜ੍ਹੀਏ ਕਿਤਾਬ ਬੇਲੀਓ
ਨੱਚੇ ਰਲ ਮਿਲ ਸਾਰਾ ਹੀ ਪੰਜਾਬ ਬੇਲੀਓ।

ਪੰਜਾਂ ਪਾਣੀਆਂ ਦੇ ਜਾਏ ਗੁਰੂ ਪੀਰਾਂ ਵਰੋਸਾਏ
ਅਸੀਂ ਮੇਟ ਦਈਏ ਧਰਤੀਂ ਤੋਂ ਕਾਲਖਾਂ ਦੇ ਸਾਏ
ਆਓ ਵੰਡੀਏ ਪਿਆਰ ਬੇ-ਹਿਸਾਬ ਬੇਲੀਓ
ਨੱਚੇ ਰਲ ਮਿਲ ਸਾਰਾ ਹੀ ਪੰਜਾਬ ਬੇਲੀਓ।